Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 106 | Tuesday, May 31, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਵਿਆਜ਼ ਦਰਾਂ ਵਿੱਚ ਵਾਧਾ ਕਰ ਸਕਦਾ ਹੈ ਬੈਂਕ ਆਫ ਕੈਨੇਡਾ

ਓਟਵਾ, 30 ਮਈ (ਪੋਸਟ ਬਿਊਰੋ) : ਮਾਹਿਰਾਂ ਦਾ ਕਹਿਣਾ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਬੁੱਧਵਾਰ ਨੂੰ ਵਾਧਾ ਕੀਤਾ ਜਾ ਸਕਦਾ ਹੈ। ਇਹ ਵਾਧਾ ਮਹਿੰਗਾਈ ਨੂੰ ਠੱਲ੍ਹ ਪਾਉਣ ਦੇ ਇਰਾਦੇ ਨਾਲ ਕੀਤਾ ਜਾ ਸਕਦਾ ਹੈ। ਰੌਇਲ ਬੈਂਕ ਆਫ ਕੈਨੇਡਾ ਦੇ ਅਸਿਸਟੈਂਟ ਚੀਫ ਇਕਨੌਮਿਸਟ ਨਥਾਨ ਜੈਨਜ਼ਨ ਨੇ ਆਖਿਆ ਕਿ ਮਾਰਚ 2020 ਤੋਂ ਵਿਆਜ਼ ਦਰਾਂ ਨੂੰ ਲੱਗਭਗ ਜ਼ੀਰੋ ਰੱਖ ਰਹੇ ਸੈਂਟਰਲ ਬੈਂਕ ਵੱਲੋਂ ਮਾਰਚ ਤੇ ਅਪਰੈਲ ਵਿੱਚ ਵਿਆਜ਼ ਦਰਾਂ ਵਿੱਚ ਥੋੜ੍ਹਾ ਵਾਧਾ ਕੀਤਾ ਗਿਆ। ਦੂਜਾ ਵਾਧਾ ਅੱਧੇ ਅੰਕ ਦਾ ਸੀ,ਜੋ ਕਿ ਪਿਛਲੇ 22 ਸਾਲਾਂ ਵਿੱਚ ਸੱਭ ਤੋਂ ਵੱਡਾ ਸੀ। ਇਸ ਹਫਤੇ ਵਿਆਜ਼ ਦਰਾਂ ਵਿੱਚ ਅੱਧਾ ਫੀ ਸਦੀ ਵਾਧਾ ਹੋਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਆਉਣ ਵਾਲੇ ਮਹੀਨਿਆਂ ਵਿੱਚ ਵੀ ਵਿਆਜ਼ ਦਰਾਂ ਹੋਰ ਵੱਧ ਸਕਦੀਆਂ ਹਨ। ਇਹ ਕਦਮ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਚੁੱਕਿਆ ਜਾਵੇਗਾ। 1990ਵਿਆਂ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਮਹਿੰਗਾਈ ਅਸਮਾਨੀ ਚੜ੍ਹ ਚੁੱਕੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਆਰਥਿਕ ਵਿਕਾਸ ਦੇ ਨਾਲ ਨਾਲ ਬੇਰੋਜ਼ਗਾਰੀ ਦਰ ਵਿੱਚ ਆਈ ਕਮੀ ਕਾਰਨ ਬੈਂਕ ਆਫ ਕੈਨੇਡਾ ਦੀ ਗਵਰਨਿੰਗ ਕਾਊਂਸਲ ਵੱਲੋਂ ਅਜਿਹਾ ਫੈਸਲਾ ਲਿਆ ਜਾ ਸਕਦਾ ਹੈ।

ਕੈਨੇਡਾ ਦੇ ਕੰਜ਼ਿਊਮਰ ਪ੍ਰਾਈਸ ਇੰਡੈਕਸ ਵਿੱਚ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਅਪਰੈਲ ਦੇ ਮਹੀਨੇ 6.8 ਫੀ ਸਦੀ ਨਾਲ ਵਾਧਾ ਹੋਇਆ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਕੀਤਾ ਗਿਆ। ਗਰੌਸਰੀਜ਼ ਦੀਆਂ ਕੀਮਤਾਂ ਵਿੱਚ 9.7 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਜਦਕਿ ਗੈਸੋਲੀਨ ਦੀਆਂ ਕੀਮਤਾਂ ਵਿੱਚ 36.3 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ।

## ਲਿਬਰਲਾਂ ਨੇ ਪੇਸ਼ ਕੀਤਾ ਹਥਿਆਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਬਿੱਲ

### ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਦੀ ਤਜਵੀਜ਼



ਓਟਵਾ, 30 ਮਈ (ਪੋਸਟ ਬਿਊਰੋ) : ਫੈਡਰਲ ਲਿਬਰਲ ਸਰਕਾਰ ਵੱਲੋਂ ਅੱਜ ਪੇਸ਼ ਕੀਤੇ ਗਏ ਹਥਿਆਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਬਿੱਲ ਵਿੱਚ ਮੁੱਖ ਤੌਰ ਉੱਤੇ ਹੈਂਡਗੰਨਜ਼ ਨੂੰ ਇੰਪੋਰਟ ਕਰਨ, ਖਰੀਦਣ ਜਾਂ ਵੇਚਣ ਉੱਤੇ ਕੌਮੀ ਪੱਧਰ ਉੱਤੇ ਪਾਬੰਦੀ ਲਾਏ ਜਾਣ ਦੀ ਗੱਲ ਕੀਤੀ ਗਈ ਹੈ।

ਸਰਕਾਰ ਦਾ ਕਹਿਣਾ ਹੈ ਕਿ ਇਸ ਬਿੱਲ ਵਿੱਚ ਅਜਿਹੇ ਲੋਕਾਂ ਤੋਂ ਗੰਨ ਲਾਇਸੰਸ ਵਾਪਿਸ ਲੈਣ ਦੀ ਖੁੱਲ੍ਹ ਦਾ ਵੀ ਜ਼ਿਕਰ ਹੈ, ਜਿਹੜੇ ਘਰੇਲੂ ਹਿੰਸਾ ਜਾਂ ਮੁਜਰਮਾਨਾਂ ਤੌਰ ਉੱਤੇ ਕਿਸੇ ਨੂੰ ਤੰਗ ਪਰੇਸ਼ਾਨ ਕਰਨ ਜਿਵੇਂ ਕਿ ਸਟਾਕਿੰਗ ਆਦਿ ਵਿੱਚ ਰੁੱਝੇ ਹੋਣ। ਇਸ ਤੋਂ ਇਲਾਵਾ ਸਰਕਾਰ ਮੁਜਰਮਾਨਾ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਲਈ ਜੁਰਮਾਨੇ ਵਧਾ ਕੇ, ਹਥਿਆਰਾਂ ਸਬੰਧੀ ਜੁਰਮ ਦੀ ਜਾਂਚ ਲਈ ਵਧੇਰੇ ਸੰਦ ਮੁਹੱਈਆ ਕਰਵਾਕੇ ਅਤੇ ਸਰਹੱਦੀ ਮਾਪਦੰਡਾਂ ਨੂੰ ਮਜ਼ਬੂਤ ਕਰਕੇ ਗੰਨ ਸਮਗਲਿੰਗ ਉੱਤੇ ਨਕੇਲ ਕੱਸਣਾ ਚਾਹੁੰਦੀ ਹੈ।

ਇਸ ਤੋਂ ਇਲਾਵਾ ਨਵਾਂ ਰੈੱਡ ਫਲੈਗ ਕਾਨੂੰਨ ਤਿਆਰ ਕੀਤਾ ਜਾਵੇਗਾ ਜਿਹੜਾ ਅਦਾਲਤਾਂ ਨੂੰ ਅਜਿਹੇ ਲੋਕਾਂ ਦੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾਉਣ ਦੀ ਇਜਾਜ਼ਤ ਦੇਵੇਗਾ ਜਿਹੜੇ ਲੋਕ ਖੁਦ ਲਈ ਜਾਂ ਹੋਰਨਾਂ ਲਈ ਖਤਰਾ ਹਨ। ਸਰਕਾਰ ਦਾ ਕਹਿਣਾ ਹੈ ਕਿ ਇਸ ਤਹਿਤ ਉਨ੍ਹਾਂ ਲੋਕਾਂ ਦੀ ਸੇਫਟੀ ਦੀ ਹਿਫਾਜ਼ਤ ਕੀਤੀ ਜਾਵੇਗੀ ਜਿਹੜੇ ਸਹੀ ਪ੍ਰਕਿਰਿਆ ਰਾਹੀਂ ਅਪਲਾਈ ਕਰਨਗੇ। ਇਨ੍ਹਾਂ ਵਿੱਚ ਅਕਸਰ ਘਰੇਲੂ ਹਿੰਸਾ ਦਾ ਸ਼ਿਕਾਰ ਮਹਿਲਾਵਾਂ ਸ਼ਾਮਲ ਹੋ ਸਕਦੀਆਂ ਹਨ। ਅਜਿਹੇ ਲੋਕਾਂ ਦੀ ਪਛਾਣ ਦੀ ਹਿਫਾਜ਼ਤ ਕੀਤੀ ਜਾਵੇਗੀ। ਲਿਬਰਲਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਲਾਂਗ ਗੰਨ ਮੈਗਜ਼ੀਨਜ਼ ਵਿੱਚ ਹਮੇਸ਼ਾਂ ਲਈ ਸੋਧ ਕੀਤੀ ਜਾਵੇ ਤਾਂ ਕਿ ਉਨ੍ਹਾਂ ਵਿੱਚ ਪੰਜ ਤੋਂ ਜ਼ਿਆਦਾ ਰੌਂਦ ਨਾ ਪੈ ਸਕਣ। ਇਸ ਦੇ ਨਾਲ ਹੀ ਕ੍ਰਿਮੀਨਲ ਕੋਡ ਤਹਿਤ ਵੱਡੀ ਸਮਰੱਥਾ ਵਾਲੇ ਮੈਗਜ਼ੀਨਜ਼ ਦੀ ਵਿੱਕਰੀ ਤੇ ਟਰਾਂਸਫਰ ਉੱਤੇ ਵੀ ਪਾਬੰਦੀ ਲਾਏ ਜਾਣ ਦੀ ਤਜਵੀਜ਼ ਲਿਬਰਲਾਂ ਵੱਲੋਂ ਕੀਤੀ ਗਈ ਹੈ।

## ਪੀਸੀ ਪਾਰਟੀ ਤੋਂ ਇਲਾਵਾ ਓਨਟਾਰੀਓ ਵਾਸੀਆਂ ਦੀ ਸਾਰ ਹੋਰ ਕੋਈ ਨਹੀਂ ਲੈ ਸਕਦਾ : ਫੋਰਡ




ਓਟਵਾ, 30 ਮਈ (ਪੋਸਟ ਬਿਊਰੋ) : ਅੱਜ ਡੱਗ ਫੋਰਡ ਨੇ ਐਲਾਨ ਕੀਤਾ ਕਿ ਹਾਈਵੇਅ-417 ਦਾ ਪਸਾਰ ਅਤੇ ਓਟਵਾ ਏਰੀਆ ਦੇ ਡਰਾਈਵਰਾਂ ਤੇ ਕਾਰੋਬਾਰਾਂ ਲਈ ਸਿਰਫ ਮੁੜ ਚੁਣੀ ਗਈ ਪੀਸੀ ਸਰਕਾਰ ਹੀ ਰਾਹ ਪੱਧਰਾ ਕਰ ਸਕਦੀ ਹੈ।

ਫੋਰਡ ਨੇ ਆਖਿਆ ਕਿ ਅਜੇ ਕੁੱਝ ਦਿਨ ਪਹਿਲਾਂ ਹੀ ਸਟੀਵਨ ਡੈਲ ਡੂਕਾ ਨੇ ਹਾਈਵੇਅ 417 ਦਾ ਪਸਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਆਖਿਆ ਸੀ ਕਿ ਉਹ ਇਸ ਬਾਰੇ ਇੱਕ ਹੋਰ ਅਧਿਐਨ ਕਰਵਾਉਣਾ ਚਾਹੁੰਦੇ ਹਨ। ਓਟਵਾ ਦੇ ਡਰਾਈਵਰ ਉਡੀਕ ਕਰਦੇ ਕਰਦੇ ਥੱਕ ਚੁੱਕੇ ਹਨ ਤੇ ਅਜਿਹੀ ਖੜੋਤ ਵਿੱਚ ਫਸ ਚੁੱਕੇ ਹਨ ਜਿਹੜੀ ਸੁਲਝਣ ਦੀ ਥਾਂ ਉਲਝਦੀ ਜਾ ਰਹੀ ਹੈ। ਲੋਕਲ ਕਾਰੋਬਾਰਾਂ ਲਈ ਬਿਹਤਰ ਸੜਕਾਂ ਤੇ ਹਾਈਵੇਅਜ਼ ਦੀ ਲੋੜ ਹੈ ਤਾਂ ਕਿ ਵਸਤਾਂ ਨੂੰ ਜਲਦ ਤੋਂ ਜਲਦ ਮਾਰਕਿਟ ਪਹੁੰਚਾਇਆ ਜਾ ਸਕੇ। ਇਸ ਲਈ ਸਿਰਫ ਪੀਸੀ ਸਰਕਾਰ ਹੀ ਇਸ ਹਾਈਵੇਅ 417 ਦਾ ਪਸਾਰ ਕਰਵਾ ਸਕਦੀ ਹੈ।

ਹਾਈਵੇਅ 417 ਓਟਵਾ ਰੀਜਨ ਨੂੰ 401 ਨਾਲ ਜੋੜਦਾ ਹੈ ਤੇ ਇਹ ਇਸ ਖੇਤਰ ਦੇ ਮੈਨੂਫੈਕਚਰਿੰਗ ਤੇ ਖੇਤੀਬਾੜੀ ਸੈਕਟਰ ਲਈ ਅਹਿਮ ਗੇਟਵੇਅ ਦਾ ਕੰਮ ਕਰਦਾ ਹੈ। ਹਾਈਵੇਅ 17 ਤੇ 7 ਵੀ ਅਹਿਮ ਗਲਿਆਰੇ ਹਨ ਜਿਹੜੇ ਓਟਵਾ ਨੂੰ ਉੱਤਰ ਤੇ ਪੀਟਰਬਰੋ ਨਾਲ ਜੋੜਦੇ ਹਨ। ਜਦੋਂ ਟਰੈਫਿਕ ਆਪਣੇ ਸਿਖਰ ਉੱਤੇ ਹੁੰਦਾ ਹੈ ਤਾਂ ਹਾਈਵੇਅ 417 ਦੇ ਲਾਂਘੇ ਤੇ ਮਾਂਟਰੀਅਲ ਰੋਡ ਦਰਮਿਆਨ ਕੁਈਨਜ਼ਵੇਅ ਖਚਾਖਚ ਭਰਿਆ ਹੁੰਦਾ ਹੈ। ਇਸ ਨਾਲ ਜਿੱਥੇ ਕਮਿਊਟਰਜ਼ ਨੂੰ ਦੇਰ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਹੀ ਸਮੇਂ ਸਿਰ ਕੋਈ ਚੀਜ਼ ਨਾ ਮਿਲਣ ਕਾਰਨ ਕਾਰੋਬਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਵੀ ਹੁੰਦਾ ਹੈ। ਇਸ ਤਰ੍ਹਾਂ ਦੀ ਖੜੋਤ ਤੋਂ ਬਚਣ ਲਈ ਕਮਰਸ਼ੀਅਲ ਟਰੱਕ ਡਾਊਨਟਾਊਨ ਵਾਲੇ ਇਲਾਕੇ ਵਿੱਚੋਂ ਲੰਘਦੇ ਹਨ ਜਿਸ ਕਾਰਨ ਲੋਕਲ ਪੱਧਰ ਉੱਤੇ ਵੀ ਟਰੈਫਿਕ ਜਾਮ ਵਰਗੀ ਸਥਿਤੀ ਬਣ ਜਾਂਦੀ ਹੈ।

ਇਸ ਖੜੋਤ ਤੋਂ ਰਾਹਤ ਦੇਣ ਲਈ ਮੁੜ ਚੁਣੀ ਗਈ ਪੀਸੀ ਸਰਕਾਰ ਓਟਵਾ ਵਿੱਚ ਹਾਈਵੇਅ 416 ਤੇ ਮੇਟਲੈਂਡ ਐਵਨਿਊ ਦਰਮਿਆਨ ਹਰੇਕ ਦਿਸ਼ਾ ਵੱਲ ਹਾਈਵੇਅ 417 ਦੀਆਂ ਸਾਰੀਆਂ ਲੇਨਜ਼ ਨੂੰ ਚੌੜਾ ਕਰਕੇ ਚਾਰ ਲੇਨਜ਼ ਵਾਲਾ ਬਣਾਵੇਗੀ। ਇਸ ਦੇ ਨਾਲ ਹੀ ਓਨਟਾਰੀਓ ਪੀਸੀ ਹਾਈਵੇਅ 417 ਉੱਤੇ ਓਟਵਾ ਰੋਡ 174 ਤੋਂ ਵਾਲਕਲੇਅ ਰੋਡ ਤੱਕ ਪੰਜ ਪੁਲਾਂ ਦਾ ਨਿਰਮਾਣ ਕਰੇਗੀ। ਇਸ ਦੇ ਨਾਲ ਹੀ ਐਮਪਰਾਇਰ ਤੋਂ ਰੈਨਫਰਿਊ ਤੱਕ ਚਾਰ ਲੇਨਜ਼ ਨੂੰ ਚੌੜਾ ਕਰੇਗੀ, ਜਿਸ ਨਾਲ ਸੜਕਾਂ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ ਤੇ ਰੋਡ ਸੇਫਟੀ ਵਿੱਚ ਵੀ ਸੁਧਾਰ ਹੋਵੇਗਾ।

ਫੋਰਡ ਨੇ ਆਖਿਆ ਕਿ ਪੂਰਬੀ ਓਨਟਾਰੀਓ ਦੀ ਆਬਾਦੀ ਵਿੱਚ ਅਗਲੇ 30 ਸਾਲਾਂ ਵਿੱਚ 75 ਫੀ ਸਦੀ ਵਾਧਾ ਹੋਣ ਦੀ ਸੰਭਾਵਨਾ ਦੇ ਚੱਲਦਿਆਂ ਹਾਈਵੇਅਜ਼ ਦਾ ਨਿਰਮਾਣ ਕਦੇ ਵੀ ਐਨਾ ਜ਼ਰੂਰੀ ਨਹੀਂ ਰਿਹਾ। ਉਨ੍ਹਾਂ ਆਖਿਆ ਕਿ ਐਂਡਰੀਆ ਹੌਰਵਥ ਤੇ ਉਨ੍ਹਾਂ ਦੀ ਐਨਡੀਪੀ ਹਾਈਵੇਅਜ਼ ਦੇ ਨਿਰਮਾਣ ਨਾਲੋਂ ਇਨ੍ਹਾਂ ਦਾ ਵਿਰੋਧ ਕਰਕੇ ਜ਼ਿਆਦਾ ਖੁਸ਼ ਹਨ।

...ਬਾਕੀ ਪੰਨਾ 3 'ਤੇ

## ਟਰੈਕ ਉੱਤੇ ਸ਼ਰਾਰਤਾਂ ਕਰ ਰਹੇ ਤਿੰਨ ਲੜਕੇ ਗੱਡੀ ਥੱਲੇ ਆਉਣ ਤੋਂ ਮਸ੍ਹਾਂ ਬਚੇ



ਟੋਰਾਂਟੋ, 30 ਮਈ (ਪੋਸਟ ਬਿਊਰੋ) : ਟਰੇਨ ਟਰੈਕਸ ਉੱਤੇ ਤੁਰਨ ਦੇ ਕਿਹੋ ਜਿਹੇ ਖਤਰੇ ਹੋ ਸਕਦੇ ਹਨ ਇਸ ਬਾਰੇ ਮੈਟਰੋ ਲਿੰਕਸ ਵੱਲੋਂ ਇੱਕ ਹੈਰਾਨ ਕਰਨ ਵਾਲੀ ਵੀਡੀਓ ਜਾਰੀ ਕੀਤੀ ਗਈ ਹੈ।

ਇਹ ਵੀਡੀਓ ਬੀਤੇ ਦਿਨੀਂ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਮਿਲਟਨ ਲਾਈਨ ਉੱਤੇ ਟਰੇਨ ਦੇ ਸਾਹਮਣੇ ਵਾਲੇ ਹਿੱਸੇ ਵਿੱਚੋਂ ਬਣਾਈ ਗਈ ਹੈ। ਇਸ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਜਿਸ ਸਮੇਂ ਗੋ ਟਰੇਨ ਹਾਈਵੇਅ 401 ਤੇ ਵੈਸਟਨ ਰੋਡ ਨੇੜੇ ਹੰਬਰ ਰਿਵਰ ਦੇ ਪੁਲ ਉੱਪਰੋਂ ਲੰਘ ਰਹੀ ਹੈ ਜਦੋਂ ਤਿੰਨ ਨੌਜਵਾਨ ਇਸ ਚੱਲਦੀ ਟਰੇਨ ਦੇ ਅੱਗਿਓਂ ਲੰਘ ਰਹੇ ਹਨ ਤੇ ਕਦੇ ਇਸ ਨੂੰ ਅੱਗੇ ਲੱਗ ਕੇ ਪਿੱਛੇ ਛੱਡਣ ਲਈ ਦੌੜ ਲਾਉਂਦੇ ਨਜ਼ਰ ਆ ਰਹੇ ਹਨ। ਇੱਕ ਰਲੀਜ਼ ਵਿੱਚ ਮੈਟਰੋਲਿੰਕਸ ਨੇ ਆਖਿਆ ਕਿ ਜਦੋਂ ਟਰੇਨ ਓਵਰਪਾਸ ਤੋਂ ਲੰਘੀ ਤਾਂ ਕ੍ਰਿਊ ਨੇ ਵੇਖਿਆ ਕਿ ਇੱਕ ਲੜਕਾ ਪੁਲ ਉੱਤੇ ਬਣੀ ਹੋਈ ਫੈਂਸ ਨਾਲ ਲਮਕ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਗੱਡੀ ਬੱਸ ਉਸ ਨੂੰ ਖਹਿੰਦੇ ਖਹਿੰਦੇ ਬਚੀ। ਇਸੇ ਤਰ੍ਹਾਂ ਦੋ ਹੋਰ ਲੜਕੇ ਗੱਡੀ ਤੋਂ ਅੱਗੇ ਲੰਘਣ ਲਈ ਟਰੈਕ ਦੇ ਨਾਲ ਨਾਲ ਦੌੜਦੇ ਨਜ਼ਰ ਆਏ। ਉਨ੍ਹਾਂ ਨੂੰ ਪਾਸੇ ਰੱਖਣ ਲਈ ਗੱਡੀ ਦਾ ਹੌਰਨ ਵੀ ਮਾਰਿਆ ਗਿਆ ਤੇ ਆਖਿਰਕਾਰ ਪੁਲ ਤੋਂ ਫੌਰਨ ਬਾਅਦ ਹੀ ਟਰੇਨ ਨੇ ਬ੍ਰੇਕ ਮਾਰ ਦਿੱਤੀ।

ਏਜੰਸੀ ਨੇ ਦੱਸਿਆ ਕਿ ਤਿੰਨਾਂ ਲੜਕਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਪਰ ਉਹ ਬੁਰੀ ਤਰ੍ਹਾਂ ਡਰ ਗਏ ਤੇ ਗੱਡੀ ਰੁਕਦਿਆਂ ਸਾਰ ਹੀ ਮੌਕੇ ਤੋਂ ਭੱਜ ਨਿਕਲੇ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਮੂਸੇਵਾਲੇ ਦਾ ਕੀਤਾ ਗਿਆ ਕਤਲ ਜਿੰਦਾਂ,
ਹਰ ਥਾਂ ਪੈ ਗਿਆ ਜਾਪਦਾ ਸਹਿਮ ਮੀਆਂ।
ਹੋ ਗਈ ਭੀੜ ਹੈ ਓਥੇ ਵੀ ਘੱਟ ਲੱਗਦੀ,
ਜਿੱਥੇ ਵੇਖਦੇ ਸਾਂ ਗਹਿਮਾ ਗਹਿਮ ਮੀਆਂ।
ਫਿਕਰ ਲੱਭਦੀ ਚਿਹਰਿਆਂ ਸਾਰਿਆਂ 'ਤੇ,
ਬੰਦਾ ਆਮ ਜਾਂ ਕੋਈ ਵੀ ਅਹਿਮ ਮੀਆਂ।
ਲੋਕੀਂ ਆਖਦੇ ਭਲਕ ਦਾ ਪਤਾ ਨਹੀਂਉਂ,
ਕਹਿਣ ਰੱਬ ਨੂੰ ਕਰੀਂ ਤੂੰ ਰਹਿਮ ਮੀਆਂ।
ਅੱਧੀ ਸਦੀ ਵਿੱਚ ਪਲ਼ੀ ਸੀ ਜੜ੍ਹ ਜਿਹੜੀ,
ਪੈਣੀ ਛਾਂਗਣੀ ਆਖਰ ਵਿੱਚ ਵੇਲ ਮੀਆਂ।
ਸਰਕਾਰ ਵਾਸਤੇ ਟੈੱਸਟ ਦਾ ਕੇਸ ਹੋਸੀ,
ਇਹੀਉ ਸਿੱਕੇ ਦਾ ਹੈੱਡ ਜਾਂ ਟੇਲ ਮੀਆਂ।

**ਤੀਸ ਮਾਰ ਖਾਂ**

# ਮੂਸੇਵਾਲਾ ਦੇ ਪਿਤਾ ਦੀ ਚਿੱਠੀ ਪਿੱਛੋਂ ਭਗਵੰਤ ਮਾਨ ਨੇ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕੀਤਾ

*** ਹਾਈ ਕੋਰਟ ਦੇ ਚੀਫ ਜਸਟਿਸ ਨੂੰ ਚਿੱਠੀ ਲਿਖੀ * ਡੀ ਜੀ ਪੀ ਵੱਲੋਂ ਸਿੱਧੂ ਮੂਸੇਵਾਲਾ ਬਾਰੇ ਸਪੱਸ਼ਟੀਕਰਨ * ਹਾਈ ਕੋਰਟ ਦਾ ਸਰਕਾਰ ਨੂੰ ਸਵਾਲ: ਸੁਰੱਖਿਆ ਕਟੌਤੀ ਲੀਕ ਕਿਵੇਂ ਹੋਈ**

ਚੰਡੀਗੜ੍ਹ, 30 ਮਈ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਅਤੇ ਕਾਂਗਰਸ ਆਗੂ ਸਿੱਧੂਮੂਸੇਵਾਲਾ ਦੇ ਪਿਤਾ ਵੱਲੋਂ ਲਿਖੀ ਚਿੱਠੀਪਿੱਛੋਂ ਪੰਜਾਬ ਦੇਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦੀ ਮੰਗ ਮੰਨ ਕੇ ਇਸ ਕਤਲ ਦੀ ਜਾਂਚ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾਉਣੀ ਮੰਨ ਲਈ ਹੈ। ਭਗਵੰਤ ਮਾਨ ਨੇ ਕਿਹਾ ਕਿ ਰਾਜ ਸਰਕਾਰ ਜਾਂਚ ਵਿੱਚ ਸਹਿਯੋਗ ਕਰੇਗੀ।ਪੰਜਾਬ ਦੇ ਗ੍ਰਹਿ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਨੂੰ ਇੱਕ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਾਹੁੰਦੇ ਹਨ ਕਿ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਜਾਂਚ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਕਰਾਈ ਜਾਵੇ, ਇਸ ਲਈ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਬਾਰੇ ਬੇਨਤੀ ਪੁਚਾ ਦਿੱਤੀ ਜਾਵੇ ਕਿ ਉਹ ਇਸ ਜਾਂਚ ਲਈ ਕਿਸੇ ਜੱਜ ਦੀ ਨਿਯੁਕਤੀ ਬਾਰੇ ਵਿਚਾਰ ਕਰਨ।

ਇਸ ਦੌਰਾਨਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਸ ਦੇ ਡੀ ਜੀ ਪੀ ਦੇ ਇੱਕ ਦਿਨ ਪਹਿਲਾਂਵਾਲੇ ਬਿਆਨ ਉੱਤੇ ਉਨ੍ਹਾਂ ਤੋਂ ਸਪੱਸ਼ਟੀਕਰਨ ਮੰਗਿਆ, ਜਿਸ ਵਿਚ ਉਨ੍ਹਾਂ ਮੂਸੇਵਾਲਾ ਦੇ ਕਤਲ ਨੂੰ ਗੈਂਗਵਾਰ ਦੱਸਿਆ ਸੀ। ਮੁੱਖ ਮੰਤਰੀ ਦੇ ਬਿਆਨ ਮਗਰੋਂ ਡੀ ਜੀ ਪੀ ਦਾ ਸਪੱਸ਼ਟੀਕਰਨ ਆ ਗਿਆ ਹੈ। ਪੰਜਾਬ ਪੁਲਸ ਦੇਡੀ ਜੀ ਪੀ ਨੇ ਕਿਹਾ ਕਿ ਉਹ ਸਿੱਧੂਮੂਸੇਵਾਲਾ ਦੇ ਕਤਲ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰਦਾਤ ਵਿੱਚ ਸ਼ਾਮਲ ਦੋਸ਼ੀਆਂ ਨੂੰ ਬਹੁਤ ਜਲਦੀ ਗ੍ਰਿਫ਼ਤਾਰ



ਕਰ ਲਿਆ ਜਾਵੇਗਾ ਤੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇਗਾ। ਇਸ ਮੌਕੇਡੀ ਜੀ ਪੀਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਸਿੱਧੂਮੂਸੇਵਾਲਾ ਨੂੰ ਗੈਂਗਸਟਰ ਨਹੀਂ ਸੀ ਕਿਹਾ। ਉਨ੍ਹਾ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਬੀਤੇ ਇੱਕ ਦਿਨ ਤੋਂ ਲਗਾਤਾਰ ਇਹ ਦਾਅਵੇ ਕੀਤੇ ਜਾ ਰਹੇ ਸਨ ਕਿ ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ, ਪਰ ਜਾਂਚ ਵਿੱਚ ਕਤਲ ਦੇ ਸਾਰੇ ਪੱਖਾਂ ਨੂੰ ਵੇਖਿਆ ਜਾਣਾ ਹੈ, ਜਦਕਿ ਮੀਡੀਆ ਦੇ ਇੱਕ ਹਿੱਸੇ ਨੇ ਉਨ੍ਹਾਂ ਦੇ ਬਿਆਨ ਦਾ ਗਲਤ ਹਵਾਲਾ ਦਿੱਤਾ ਹੈ।ਡੀ ਜੀ ਪੀ ਨੇ ਕਿਹਾ ਕਿ ਸਿੱਧੂਮੂਸੇਵਾਲਾ ਲਈ ਉਨ੍ਹਾਂ ਦੇ ਦਿਲ ਵਿੱਚਬਹੁਤ ਸਨਮਾਨ ਹੈ ਤੇ ਉਹ ਸਿੱਧੂ ਦੇ ਕਤਲ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਨ।

ਵਰਨਣ ਯੋਗ ਹੈ ਕਿ ਸਿੱਧੂਮੂਸੇਵਾਲਾ ਦੇ ਪਿਤਾ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਉਨ੍ਹਾਂ ਅਫਸਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ, ਜਿਨ੍ਹਾਂ ਨੇ ਉਸ ਦੇ ਪੁੱਤਰ ਦੀ ਸਕਿਓਰਟੀ ਦੀ ਘੋਖ ਕੀਤੀ ਤੇ ਸਕਿਓਰਟੀ ਵਾਪਸ ਲੈਣ ਦੇ ਹੁਕਮਾਂ ਨੂੰ ਜੱਗ ਜ਼ਾਹਰ ਕੀਤਾ ਸੀ। ਉਨ੍ਹਾਂ ਲਿਖਿਆ ਕਿ ਮੇਰੇ ਪੁੱਤਰ ਨੇ ਆਪਣੀ ਮਿਹਨਤ ਨਾਲ ਪੰਜਾਬ ਦਾ ਨਾਮ ਪੂਰੀ ਦੁਨੀਆ ਵਿਚ ਰੌਸ਼ਨ ਕੀਤਾ, ਪਰ ਡੀ ਜੀ ਪੀ ਪੰਜਾਬ ਨੇ ਮੇਰੇ ਪੁੱਤਰ ਦੀ ਮੌਤ ਨੂੰ ਗੈਂਗਵਾਰ ਨਾਲ ਜੋੜ ਦਿੱਤਾ, ਇਸ ਲਈ ਬੇਨਤੀ ਹੈ ਕਿ ਡੀ ਜੀ ਪੀ ਪੰਜਾਬ ਜਨਤਕ ਤੌਰ ਉੱਤੇ ਮੁਆਫ਼ੀ ਮੰਗਣ।

ਪੰਜਾਬੀ ਗਾਇਕ ਸ਼ੁੱਭਦੀਪ ਸਿੰਘਸਿੱਧੂਮੂਸੇਵਾਲਾਨੂੰ ਅਣਪਛਾਤੇ ਬੰਦਿਆਂਨੇਐਤਵਾਰ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਮਾਰਦਿੱਤਾ ਸੀ। ਦੂਸਰੇ ਪਾਸੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਕੇਸ ਵਿੱਚ ਅਕਾਲੀ ਆਗੂਦੀ ਅਰਜ਼ੀ ਉਤੇਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਵੀਵੀਆਈਪੀਜ਼ ਤੇ ਹੋਰਨਾਂ ਦੀ ਸੁਰੱਖਿਆ ਵਿੱਚ ਕਟੌਤੀ ਦੇ ਦਸਤਾਵੇਜ਼ ਜੱਗ ਜ਼ਾਹਰ ਕਿਉਂ ਕੀਤੇ। ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਸਿਆਸੀ ਆਗੂਆਂ ਦੀ ਸੁਰੱਖਿਆ ਘਟਾਈ ਸੀ ਤਾਂ ਇਹ ਗੱਲ ਬਾਹਰ ਕਿਉਂ ਕੱਢੀਸੀ, ਜਿਸ ਨਾਲ ਸੰਬੰਧਤ ਲੋਕਾਂ ਦੀ ਜਾਨ ਖਤਰੇ ਵਿੱਚ ਪੈ ਸਕਦੀ ਸੀ।

## ਐਕਟਿਵਾ ਵਿੱਚ ਟਰੱਕ ਵੱਜਾ, ਔਰਤ ਦੀ ਮੌਤ, ਪਿਓ-ਪੁੱਤਰ ਜ਼ਖ਼ਮੀ

ਚਗਿੱਟੀ, 30 ਮਈ (ਪੋਸਟ ਬਿਊਰੋ)- ਜਲੰਧਰ-ਅੰਮ੍ਰਿਤਸਰ ਰੋਡ ਅਕਸ਼ਰਧਾਮ ਮੰਦਰ ਦੇ ਸਾਹਮਣੇ ਐਕਟਿਵਾ ਦੇ ਤੇਜ਼ ਰਫ਼ਤਾਰ ਟਰੱਕ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਔਰਤ ਦੀ ਗੰਭੀਰ ਸੱਟਾਂ ਲੱਗ ਜਾਣ ਕਾਰਨ ਮੌਕੇ ਉੱਤੇ ਮੌਤ ਹੋ ਗਈ, ਜਦਕਿ ਉਸ ਦੇ ਪਤੀ ਅਤੇ ਪੁੱਤਰ ਨੂੰ ਜ਼ਖ਼ਮੀ ਹੋਣ ਕਾਰਨ ਲੋਕਾਂ ਨੇ ਹਸਪਤਾਲ ਪੁਚਾਇਆ। ਮ੍ਰਿਤਕਾ ਦੀ ਪਛਾਣ ਰਜਨੀ (33 ਸਾਲ) ਪਤਨੀ ਦੀਪਕ ਕੁਮਾਰ ਵਾਸੀ ਪ੍ਰੀਤ ਨਗਰ, ਸੋਢਲ ਰੋਡ ਜਲੰਧਰ ਵਜੋਂਹੋਈ ਹੈ। ਹਾਦਸੇ ਦੌਰਾਨ ਉਸ ਦੇ ਪਤੀ ਦੀਪਕ ਕੁਮਾਰ ਤੇ ਪੁੱਤਰ ਮੁਕੁਲ ਦੇ ਵੀ ਸੱਟਾਂ ਲੱਗੀਆਂ। ਦੀਪਕ ਕੁਮਾਰ ਬਿਸਤਰ ਭੰਡਾਰ ਵਿੱਚ ਕੰਮ ਕਰਦਾ ਹੈ ਅਤੇ ਕੱਲ੍ਹ ਦੇਰ ਸ਼ਾਮ ਆਪਣੀ ਪਤਨੀ ਤੇ ਬੇਟੇ ਨੂੰ ਲੈ ਕੇ ਗੁਰਦੁਆਰਾ ਤੱਲ੍ਹਣ ਸਾਹਿਬ ਮੱਥਾ ਟੇਕਣ ਜਾ ਰਹੇ ਸਨ ਅਤੇ ਜਦੋਂ ਉਹ ਅਕਸ਼ਰ ਧਾਮ ਮੰਦਰ ਕੋਲ ਪਹੁੰਚੇ ਤਾਂ ਪਿੱਛੋਂ ਤੇਜ਼ ਰਫਤਾਰ ਨਾਲ ਆ ਰਿਹਾ ਟਰੱਕ ਉਨ੍ਹਾਂ ਦੀ ਐਕਟਿਵਾ ਵਿੱਚ ਵੱਜਾ, ਜਿਸ ਕਾਰਨ ਇਹ ਸਾਰੇ ਜੀਅ ਫੱਟੜ ਹੋ ਗਏ ਤੇ ਰਜਨੀ ਦੀ ਮੌਤ ਹੋ ਗਈ।

# ਐਨਕਾਊਂਟਰ ਹੋਣ ਦੇ ਡਰੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਕੋਰਟ ਨੂੰ ਅਰਜ਼ੀ

ਨਵੀਂ ਦਿੱਲੀ, 30 ਮਈ, (ਪੋਸਟ ਬਿਊਰੋ)- ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਵੱਲੋਂਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਪਿੱਛੋਂ ਲਾਰੈਂਸ ਬਿਸ਼ਨੋਈ ਨੇ ਐੱਨ ਆਈ ਏ ਕੋਰਟ ਨੂੰ ਅਰਜ਼ੀ ਦਿੱਤੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਤਿਹਾੜ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਨੇ ਪੰਜਾਬ ਪੁਲਸਵੱਲੋਂ ਐਨਕਾਊਂਟਰ ਕੀਤੇ ਜਾਣ ਦੇ ਡਰ ਕਾਰਨ ਐੱਨ ਆਈ ਏ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇਮੰਗ ਕੀਤੀ ਕਿ ਜੇ ਪੰਜਾਬ ਪੁਲਸ ਉਸ ਨੂੰ ਗ੍ਰਿਫ਼ਤਾਰ ਕਰਦੀ ਹੈ ਤਾਂ ਉਸ ਦੀ ਸੁਰੱਖਿਆ ਯਕੀਨੀ ਕੀਤੀ ਜਾਵੇ,ਵਰਨਾ ਉਸ ਦਾ ਐਨਕਾਊਂਟਰ ਕੀਤਾ ਜਾ ਸਕਦਾ ਹੈ।ਐੱਨ ਆਈ ਏ ਕੋਰਟ ਨੇ ਬਿਸ਼ਨੋਈ ਦੀ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅਮਨ ਕਾਨੂੰਨ ਲਾਗੂ ਕਰਨ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੋਣ ਕਾਰਨ ਇਸ ਪਟੀਸ਼ਨ ਉੱਤੇ ਕਾਰਵਾਈ ਨਹੀਂ ਹੋ ਸਕਦੀ।ਵਰਨਣ ਯੋਗ ਹੈ ਕਿ ਪੰਜਾਬੀ ਗਾਇਕ ਅਤੇ ਅਦਾਕਾਰ ਸ਼ੁਭਦੀਪ ਸਿੰਘ ਉਰਫ ਸਿੱਧੂਮੂਸੇਵਾਲਾਨੂੰ ਬੀਤੇ ਐਤਵਾਰ ਦਿਨ-ਦੀਵੀਂ ਗੋਲ਼ੀਆਂ ਮਾਰ ਕੇ ਮਾਰਦਿੱਤਾ ਗਿਆ ਸੀ।ਇਸ ਕੇਸ ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਸਾਥੀਆਂ ਨੇ ਆਪਣੇ ਸਿਰ ਜ਼ਿਮੇਵਾਰੀ ਲਈ ਸੀ।

*** ਸਿੱਧੂ ਮੂਸੇਵਾਲਾ ਕੇਸ ਵਿੱਚ ਦੇਹਰਾਦੂਨ ਤੋਂ 6 ਜਣੇ ਗ੍ਰਿਫਤਾਰ**



ਦੂਸਰੇ ਪਾਸੇ ਸਿੱਧੂਮੂਸੇਵਾਲਾ ਦੇ ਕਤਲ ਕੇਸਵਿੱਚਪੰਜਾਬ ਪੁਲਿਸ ਨੇ ਅੱਜ ਦੇਹਰਾਦੂਨ ਦੇ ਪੇਲੀਆਂ ਪੁਲਿਸ ਚੌਕੀ ਦੇ ਇਲਾਕੇ ਤੋਂ 6 ਬੰਦੇ ਫੜੇ ਹਨ। ਨਿਊਜ਼ ਏਜੰਸੀ ਨੇ ਦੱਸਿਆ ਕਿ ਉੱਤਰਾਖੰਡ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ) ਅਤੇ ਪੰਜਾਬ ਐੱਸਟੀਐੱਫ ਨੇ ਸਾਂਝੀ ਕਾਰਵਾਈ ਕੀਤੀ ਹੈ।ਇਸ ਦੇ ਨਾਲ ਹੀਦਿੱਲੀ ਪੁਲਿਸ ਵੀ ਇਸ ਕੇਸ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੀ ਭੂਮਿਕਾ ਦੀ ਜਾਂਚ ਕਰਦੀ ਸੁਣੀ ਗਈ ਹੈ। ਉੱਤਰਾਖੰਡ ਅਤੇ ਪੰਜਾਬ ਪੁਲਸ ਦੀ ਟੀਮ ਨੇ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਦੇ ਦੋਸ਼ੀਆਂ ਦਾ ਸਾਥ ਦੇਣ ਵਾਲੇ ਕੁਝ ਲੋਕ ਨਯਾਗਾਓਂ ਇਲਾਕੇ ਤੋਂ ਫੜੇ ਹਨ।ਦੱਸਿਆਗਿਆ ਹੈ ਕਿ ਮੂਸੇਵਾਲਾ ਦਾ ਕਤਲ ਦੀ ਵਾਰਦਾਤ ਪਿੱਛੋਂ ਇਹ ਲੋਕ ਦੇਹਰਾਦੂਨ ਆ ਗਏ ਸਨ। ਪੰਜਾਬ ਦੀ ਐੱਸਟੀਐੱਫ ਨੂੰ ਪਤਾ ਲੱਗਾ ਕਿ ਦੋਸ਼ੀ ਦੇਹਰਾਦੂਨ ਵਿੱਚ ਹਨ ਤਾਂ ਉਸ ਨੇ ਉਤਰਾਖੰਡ ਐੱਸਟੀਐੱਫ ਨਾਲ ਸੰਪਰਕ ਕੀਤਾ। ਨਯਾਗਾਓਂ ਖੇਤਰਵਿੱਚ ਦੁਪਹਿਰ ਤੋਂ ਨਾਕਾਬੰਦੀ ਕੀਤੀ ਗਈ। ਜਦੋਂ ਦੋਸ਼ੀਸ਼ਿਮਲਾ ਬਾਈਪਾਸ ਰੋਡ ਤੋਂ ਹੇਮਕੁੰਟ ਸਾਹਿਬ ਵੱਲ ਜਾ ਰਹੇ ਸਨ ਤਾਂ ਦੋਵਾਂ ਰਾਜਾਂ ਦੀ ਪੁਲਿਸ ਨੇ ਉਨ੍ਹਾਂ ਨੂੰ ਰਸਤੇ ਵਿੱਚਫੜ ਲਿਆ ਅਤੇ ਪੁੱਛਗਿੱਛ ਲਈ ਨਯਾਂਗਾਓਂ ਪੁਲਿਸ ਚੌਕੀ ਲੈ ਗਈ, ਜਿੱਥੇ ਉਸ ਕੋਲੋਂ ਇਸ ਬਾਰੇ ਲੋੜੀਂਦੀ ਜਾਂਚ ਕੀਤੀ ਜਾ ਰਹੀ ਹੈ।

## ਡਿਪਟੀ ਕਮਿਸ਼ਨਰ ਵੱਲੋਂ 99 ਕਾਲੋਨਾਈਜ਼ਰਾਂ ਉੱਤੇ ਕੇਸ ਦਰਜ ਕਰਨ ਦੇ ਹੁਕਮ



ਜਲੰਧਰ, 30 ਮਈ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਕੱਲ੍ਹ ਪੁਲਸ ਨੂੰ ਜ਼ਿਲ੍ਹੇ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਨਾਜਾਇਜ਼ ਕਾਲੋਨੀਆਂ ਕੱਟਣ ਵਾਲੇ 99 ਕਾਲੋਨਾਈਜ਼ਰਾਂ ਦੇ ਵਿਰੁੱਧ ਪੰਜਾਬ ਅਪਰਾਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪੀ ਏ ਪੀ ਆਰ ਏ) ਹੇਠ ਕੇਸ ਦਰਜ ਕਰਨ ਲਈ ਕਿਹਾ। ਇਨ੍ਹਾਂ ਵਿੱਚੋਂ 12 ਕਾਲੋਨੀਆਂ ਸ਼ਹਿਰੀਖੇਤਰ ਵਿੱਚ ਅਤੇ ਬਾਕੀ 87 ਕਾਲੋਨੀਆਂ ਐਸ ਐਸ ਪੀ ਦਿਹਾਤੀ ਅਧੀਨ ਪੈਂਦੇ ਖੇਤਰਾਂ ਵਿੱਚ ਹਨ।

ਡਿਪਟੀ ਕਮਿਸ਼ਨਰ ਜਲੰਧਰ, ਜਿਨ੍ਹਾਂ ਕੋਲ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਦੇ ਮੁੱਖ ਪ੍ਰਸ਼ਾਸਕ ਦਾ ਵਾਧੂ ਚਾਰਜ ਵੀ ਹੈ, ਨੇ ਇਨ੍ਹਾਂ ਕਲੋਨੀਆਂ ਦੇ ਮਾਲਕਾਂ ਖ਼ਿਲਾਫ਼ ਕੇਸ ਦਰਜ ਕਰਨ ਲਈ ਜੇ ਡੀ ਏ ਵੱਲੋਂ ਭੇਜੇ ਪੱਤਰਾਂ ਦੇ ਨਾਲ ਪਿਛਲੇ ਦੋ ਸਾਲਾਂ ਵਿੱਚ ਕੱਟੀਆਂ ਅਣ-ਅਧਿਕਾਰਤ ਕਲੋਨੀਆਂ ਦੀ ਇੱਕ ਸੂਚੀ ਵੀ ਭੇਜੀ ਹੈ। ਜੇ ਡੀ ਏ ਵੱਲੋਂ ਕਮਿਸ਼ਨਰੇਟ ਤੇ ਦਿਹਾਤੀ ਪੁਲਸ ਦੋਵਾਂ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਵਿਚਲੀਆਂ ਗੈਰ-ਕਾਨੂੰਨੀ ਕਾਲੋਨੀਆਂ ਬਾਰੇ ਲਿਖਿਆ ਸੀ। ਦੋਵਾਂ ਅਥਾਰਟੀਆਂ ਨੂੰ ਇਨ੍ਹਾਂ ਕਲੋਨੀਆਂ ਉੱਤੇ ਕੀ-ਕੀ ਕਾਰਵਾਈ ਕੀਤੀ ਹੈ, ਉਸ ਬਾਰੇ ਦੱਸਣ ਨੂੰ ਕਿਹਾ ਗਿਆ ਹੈ। ਹਿਦਾਇਤ ਕੀਤੀ ਗਈ ਹੈ ਕਿ ਸੂਚੀ ਵਿੱਚ ਦਰਜ ਕਾਲੋਨਾਈਜ਼ਰਾਂ ਵਿਰੁੱਧ ਜੇ ਅਜੇ ਤਕ ਸ਼ਿਕਾਇਤ ਦਰਜ ਨਹੀਂ ਹੋਈ ਤਾਂ ਇਸ ਨੂੰ ਦਰਜ ਕਰਨਾ ਯਕੀਨੀ ਕੀਤਾ ਜਾਵੇ ਅਤੇ ਇਸ ਦੇ ਨਾਲ ਪੁਲਸ ਵੱਲੋਂ ਕੀਤੀ ਕਾਰਵਾਈ ਬਾਰੇ ਜਾਣੂ ਕਰਵਾਇਆ ਜਾਵੇ।

**ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ**
**ਸੈਰ ਸਪਾਟੇ ਨਾਲ ਹੁਣ ਕਰੋ ਕਮਾਈ**

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

# ਪੀਸੀ ਪਾਰਟੀ ਤੋਂ ਇਲਾਵਾ ਓਨਟਾਰੀਓ ਵਾਸੀਆਂ ਦੀ ਸਾਰ ਹੋਰ ਕੋਈ ਨਹੀਂ ਲੈ ਸਕਦਾ : ਫੋਰਡ

ਪੰਨਾ 1 ਦਾ ਬਾਕੀ

ਡੈਲ ਡੂਕਾ ਤੇ ਵਿੰਨ ਦੇ ਲਿਬਰਲਾਂ ਨੂੰ ਕਦੇ ਇਸ ਬਾਰੇ ਹੋਰ ਅਧਿਐਨ ਚਾਹੀਦਾ ਹੈ, ਕਦੇ ਹੋਰ ਰਿਪੋਰਟਾਂ ਤੇ ਕਮੇਟੀਆਂ ਚਾਹੀਦੀਆਂ ਹਨ, ਉਹ ਸਿਰਫ ਨਾਂਹ ਕਰਨ ਦਾ ਬਹਾਨਾ ਲੱਭਦੇ ਹਨ। ਹਾਈਵੇਅ 417 ਦਾ ਨਿਰਮਾਣ ਕਰਵਾਉਣ ਲਈ ਸਿਰਫ ਪੀਸੀ ਪਾਰਟੀ ਹੀ ਸੰਜੀਦਾ ਹੈ।

- ਇਸ ਤੋਂ ਇਲਾਵਾ ਓਨਟਾਰੀਓ ਦੇ ਅਰਥਚਾਰੇ ਲਈ ਮੈਨੂਫੈਕਚਰਿੰਗ ਦੇ ਖੇਤਰ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਕੇ, ਨਿੱਕੇ ਕਾਰੋਬਾਰਾਂ ਦੀ ਮਦਦ ਕਰਕੇ ਫੋਰਡ ਸਰਕਾਰ ਨਵੇਂ ਰਾਹ ਖੋਲ੍ਹੇਗੀ। ਫੋਰਡ ਸਰਕਾਰ ਦੀ ਮਾਈਨਿੰਗ ਯੋਜਨਾਂ ਨਵੇਂ ਦਿੱਸਹੱਦੇ ਖੋਲ੍ਹੇਗੀ।
- ਅਪਰੈਂਟਿਸਸ਼ਿਪਜ਼ ਨੂੰ ਹੱਲਾਸ਼ੇਰੀ ਦੇ ਕੇ ਤੇ ਨਵੇਂ ਸਕਿੱਲਡ ਟਰੇਡਜ਼ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੇ ਨਾਲ ਨਾਲ ਕਾਲਜਾਂ ਨੂੰ ਤਿੰਨ ਸਾਲ ਦੇ ਡਿਗਰੀ ਕੋਰਸ ਕਰਨ ਦੀ ਇਜਾਜ਼ਤ ਦੇ ਕੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ।
- 401 ਵਿੱਚ ਨਿਵੇਸ਼ ਕਰਨ ਦੇ ਨਾਲ ਨਾਲ ਹਾਈਵੇਅ 413, ਬ੍ਰੈਡਫੋਰਡ ਬਾਇਪਾਸ ਦੇ ਨਿਰਮਾਣ ਨਾਲ ਹਾਈਵੇਅਜ਼ ਤੇ ਇਨਫਰਾਸਟ੍ਰਕਚਰ ਦਾ ਨਿਰਮਾਣ ਹੋਵੇਗਾ।
- ਗੈਸ ਟੈਕਸ ਵਿੱਚ ਕਟੌਤੀ ਕਰਨ, ਲਾਇਸੰਸ ਪਲੇਟ ਸਟਿੱਕਰਾਂ ਤੋਂ ਖਹਿੜਾ ਛੁਡਾ ਕੇ ਤੇ ਹਾਈਵੇਅ 412 ਤੇ 418 ਉੱਤੇ ਵਸੂਲੇ ਜਾਣ ਵਾਲੇ ਖਾਹਮਖਾਹ ਦੇ ਟੋਲ ਨੂੰ ਵੀ ਪੀਸੀ ਸਰਕਾਰ ਮੁੜ ਚੁਣੇ ਜਾਣ ਉੱਤੇ ਹਟਾਵੇਗੀ।
- ਹੋਰ ਨਰਸਾਂ, ਡਾਕਟਰ ਤੇ ਪਰਸਨਲ ਸਪੋਰਟ ਵਰਕਰਜ਼ ਭਰਤੀ ਕੀਤੇ ਜਾਣਗੇ। ਇਸ ਨਾਲ ਵੱਧ ਤੋਂ ਵੱਧ ਬਜ਼ੁਰਗ ਆਪਣੇ ਘਰਾਂ ਵਿੱਚ ਰਹਿ ਸਕਣਗੇ। ਇਸ ਦੇ ਨਾਲ ਹੀ ਓਨਟਾਰੀਓ ਵਿੱਚ ਵਧੇਰੇ ਵੈਕਸੀਨਜ਼ ਅਤੇ ਪੀਪੀਈ ਵਰਗੀਆਂ ਅਹਿਮ ਸਪਲਾਈਜ਼ ਤਿਆਰ ਕੀਤੀਆਂ ਜਾਣਗੀਆਂ।

**ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ**



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

**SherGill Law Firm**
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636




2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

**ਖਿੜਕੀਆਂ ਅਤੇ ਦਰਵਾਜੇ ਲਗਵਾਓ** Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਦਿੱਲੀ ਦਾ ਮੰਤਰੀ ਸਤੇਂਦਰ ਜੈਨ ਮਨੀਲਾਂਡਰਿੰਗ ਕੇਸ ਵਿੱਚ ਗ੍ਰਿਫ਼ਤਾਰ

## * ਸਿਸੋਦੀਆ ਨੇ ਗ੍ਰਿਫ਼ਤਾਰੀ ਨੂੰ ਭਾਜਪਾ ਦੀ ਬੁਖਲਾਹਟ ਕਿਹਾ



ਨਵੀਂ ਦਿੱਲੀ, 30 ਮਈ, (ਪੋਸਟ ਬਿਊਰੋ)- ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਅੱਜ ਸੋਮਵਾਰ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਨੇ ਮਨੀ ਲਾਂਡਰਿੰਗ ਦੇ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪਿਛਲੇ ਮਹੀਨੇ ਈ ਡੀ ਨੇ ਜੈਨ ਦੇ ਘਰ ਛਾਪਾ ਮਾਰਿਆ ਤੇਪਿਛਲੇ ਮਹੀਨੇ ਆਮ ਆਦਮੀ ਪਾਰਟੀ ਦੇ ਆਗੂ ਤੇ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਦੇ ਪਰਿਵਾਰ ਦੀ 4.81 ਕਰੋੜ ਰੁਪਏ ਦੀ ਜਾਇਦਾਦ ਮਨੀ ਲਾਂਡਰਿੰਗ ਕੇਸ ਵਿੱਚ ਕੁਰਕ ਕੀਤੀ ਸੀ।ਇਸਵਿੱਚ ਅਕਿੰਚਨ ਡਿਵੈੱਲਪਰਜ਼ ਪ੍ਰਾਈਵੇਟ ਲਿਮਟਿਡ, ਇੰਡੋ ਮੈਟਲ ਇੰਪੈਕਸ ਪ੍ਰਾਈਵੇਟ ਲਿਮਟਿਡ, ਪਰਿਆਸ ਇਨਫੋਸੋਲਿਊਸ਼ਨ ਪ੍ਰਾਈਵੇਟ ਲਿਮਟਿਡ, ਮੰਗਲਾਯਤਨ ਪ੍ਰੋਜੈਕਟਸ ਪ੍ਰਾਈਵੇਟ ਲਿਮਟਿਡ, ਜੇਜੇ ਆਈਡੀਅਲ ਅਸਟੇਟ ਪ੍ਰਾਈਵੇਟ ਲਿਮਟਿਡ, ਸਵਾਤੀ ਜੈਨ, ਸੁਸ਼ੀਲਾ ਜੈਨ ਤੇ ਇੰਦੂ ਜੈਨ ਦੀਆਂ ਅਚੱਲ ਜਾਇਦਾਦਾਂ ਸ਼ਾਮਲ ਹਨ, ਜਿਨ੍ਹਾਂ ਨੂੰ ਆਮਦਨ ਤੋਂ ਵੱਧ ਜਾਇਦਾਦਦੇ ਕੇਸ ਵਿੱਚ ਕੁਰਕ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸਿਹਤ ਮੰਤਰੀ ਨੂੰ ਕੋਲਕਾਤਾ ਦੀ ਇੱਕ ਕੰਪਨੀ ਨਾਲ ਹਵਾਲਾ ਲੈਣ-ਦੇਣ ਦੇ ਕੇਸ ਵਿੱਚਫੜਿਆ ਹੈ। ਈਡੀ ਅਨੁਸਾਰ ਜਾਂਚ ਵਿੱਚ ਪਤਾ ਲੱਗਾ ਕਿ 2015-16 ਦੌਰਾਨ ਸਤੇਂਦਰ ਜੈਨ ਇੱਕਸਿਆਸੀ ਆਗੂ ਸੀ, ਓਦੋਂ ਉਨ੍ਹਾਂ ਦੇ ਕੰਟਰੋਲ ਤੇ ਮਾਲਕੀ ਵਾਲੀਆਂ ਕੰਪਨੀਆਂ ਨੇ ਕੋਲਕਾਤਾ ਦੇ ਐਂਟਰੀ ਆਪਰੇਟਰਾਂ ਨੂੰ ਨਕਦੀ ਟ੍ਰਾਂਸਫਰ ਦੇ ਬਦਲੇ ਸ਼ੈੱਲ ਕੰਪਨੀਆਂ ਤੋਂ 4.81 ਕਰੋੜ ਰੁਪਏ ਹਵਾਲਾ ਰਾਹੀਂ ਲਏ ਸਨ। ਈਡੀ ਦੇ ਮੁਤਾ-ਬਕ ਇਹ ਪੈਸਾ ਜ਼ਮੀਨ ਦੀ ਸਿੱਧੀ ਖਰੀਦ ਜਾਂ ਦਿੱਲੀ ਤੇ ਇਸ ਦੇ ਆਲੇ-ਦੁਆਲੇ ਖੇਤੀਬਾੜੀ ਵਾਲੀ ਜ਼ਮੀਨ ਖਰੀਦਣਵਾਸਤੇ ਲਏ ਕਰਜ਼ੇ ਮੋੜਨ ਲਈ ਵਰਤਿਆ ਗਿਆ ਸੀ।ਦਿੱਲੀਦੇ ਮੰਤਰੀ ਸਤੇਂਦਰ ਜੈਨ ਖਿਲਾਫ ਈਡੀ ਦਾ ਮਨੀ ਲਾਂਡਰਿੰਗ ਦਾ ਕੇਸ ਸੀਬੀਆਈ ਵੱਲੋਂ ਅਗਸਤ 2017 ਵਿੱਚਸਤੇਂਦਰ ਜੈਨ ਅਤੇ ਹੋਰਨਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਰੱਖਣ ਲਈ ਦਰਜ ਕੀਤੀ ਸ਼ਿਕਾਇਤ ਤੋਂ ਪੈਦਾ ਹੋਇਆ ਸੀ ਅਤੇ ਉਸ ਦੀ ਅਗਲੀ ਜਾਂਚ ਚੱਲ ਰਹੀ ਹੈ।

ਦਿੱਲੀ ਦੇ ਡਿਪਟੀਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਇਸ ਗ੍ਰਿਫ਼ਤਾਰੀ ਨੂੰ ਭਾਜਪਾ ਦੀ ਬੁਖਲਾਹਟ ਦੱਸਿਆ ਹੈ।ਉਨ੍ਹਾ ਕਿਹਾ ਕਿ ਭਾਜਪਾ ਹਿਮਾਚਲ ਪ੍ਰਦੇਸ਼ਵਿੱਚ ਬੁਰੀ ਤਰ੍ਹਾਂ ਹਾਰ ਰਹੀ ਹੋਣ ਕਰ ਕੇਸਤੇਂਦਰ ਜੈਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤਾਂ ਕਿ ਉਹ ਹਿਮ-ਾਚਲ ਨਾ ਜਾ ਸਕੇ। ਉਨ੍ਹਾਂ ਕਿਹਾ ਕਿ 8 ਸਾਲਾਂ ਤੋਂ ਸਤੇਂਦਰ ਜੈਨਵਿਰੁੱਧ ਫਰਜ਼ੀ ਜਾਂਚ ਕੀਤੀ ਜਾ ਰਹੀ ਹੈ। ਈਡੀ ਕਈ ਵਾਰੀ ਸੱਦ ਚੁੱਕੀ ਹੈ ਅਤੇ ਵਿਚਾਲੇ ਜਿਹੇ ਸੱਦਣਾ ਬੰਦ ਕਰ ਦਿੱਤਾ ਸੀ, ਕਿਉਂਕਿ ਕੁਝ ਨਹੀਂ ਮਿਲਿਆ ਸੀ, ਪਰ ਸਤੇਂਦਰ ਜੈਨ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਚੋਣ ਇੰਚਾਰਜ ਬਣਾਏ ਹੋਣ ਕਾਰਨ ਫਿਰ ਇਹ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

# ਕਰਨਾਟਕ ਵਿੱਚ ਰਾਕੇਸ਼ ਟਿਕੈਤ ਉੱਤੇ ਕਾਲੀ ਸਿਆਹੀ ਸੁੱਟੀ ਗਈ



ਬੈਂਗਲੂਰੂ, 30 ਮਈ, (ਪੋਸਟ ਬਿਊਰੋ)- ਕਰਨਾਟਕ ਦੇ ਬੈਂਗਲੂਰੂਵਿਚਲੇ ਗਾਂਧੀ ਭਵਨ ਵਿੱਚ ਕਿਸਾਨ ਸੰਗਠਨਾਂ ਦੇ ਇੱਕ ਪ੍ਰੋਗਰਾਮ ਦੌਰਾਨ ਹੰਗਾਮਾ ਹੋ ਗਿਆਅਤੇ ਸ਼ਰਾਰਤੀ ਅਨਸਰਾਂ ਨੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੇ ਚਿਹਰੇ ਉੱਤੇ ਕਾਲੀ ਸਿਆਹੀ ਸੁੱਟਦਿੱਤੀ।ਇਸ ਪਿੱਛੋਂ ਆਯੋਜਕਾਂ ਅਤੇ ਸ਼ਰਾਰਤੀ ਅਨਸਰਾਂ ਵਿਚਾਲੇ ਝੜਪ ਦੌਰਾਨ ਦੋਵਾਂ ਧਿਰਾਂ ਦੀ ਧੱਕਾ-ਮੁੱਕੀ ਹੋਈ ਅਤੇ ਪਲਾਸਟਿਕ ਦੀਆਂ ਕੁਰਸੀਆਂ ਨਾਲ ਹਮਲਾ ਕੀਤਾ ਗਿਆ।

ਰਾਕੇਸ਼ ਟਿਕੈਤ ਨੇ ਇਸਪਿੱਛੋਂ ਦੋਸ਼ ਲਾਇਆ ਕਿ ਰਾਜ ਸਰਕਾਰ ਦੀ ਮਿਲੀਭੁਗਤ ਦੇ ਨਾਲ ਉਨ੍ਹਾਂ ਉੱਤੇ ਸਿਆਹੀ ਸੁੱਟੀ ਗਈ ਹੈ।ਉਨ੍ਹਾ ਨੇ ਕਿਹਾ ਕਿ ਲੋਕਲ ਪੁਲਸ ਇਸ ਦੀ ਜ਼ਿੰਮੇਵਾਰ ਹੈ ਤੇ ਰਾਜ ਸਰਕਾਰ ਦੀ ਮਿਲੀਭੁਗਤ ਨਾਲ ਇਹ ਸਭ ਹੋਇਆ ਹੈ।ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਪਗੜੀ, ਚਿਹਰੇ, ਕੁੜਤੇ ਤੇ ਗਰਦਨ ਦੇ ਦੁਆਲੇ ਕਾਲੀ ਸਿਆਹੀ ਦੇ ਦਾਗ ਪੈ ਗਏ। ਰਾਕੇਸ਼ ਟਿਕੈਤ ਅਤੇ ਯੁੱਧਵੀਰ ਸਿੰਘ ਇੱਕ ਲੋਕਲ ਨਿਊਜ਼ ਚੈਨਲ ਦੇ ਸਟਿੰਗ ਆਪ੍ਰੇਸ਼ਨ ਦੇ ਵੀਡੀਓਬਾਰੇਬੈਂਗਲੂਰੂਦੀ ਮੀਡੀਆ ਸਾਹਮਣੇ ਸਪੱਸ਼ਟੀਕਰਨ ਦੇ ਰਹੇ ਸਨ, ਜਦੋਂ ਉਨ੍ਹਾਂ ਉੱਤੇ ਕਾਲੀ ਸਿਆਹੀ ਸੁੱਟੀ ਗਈ। ਚੈਨਲ ਨੇ ਇਸ ਸਟਿੰਗ ਆਪ੍ਰੇਸ਼ਨ ਵਿੱਚ ਕਰਨਾਟਕ ਦੇ ਕਿਸਾਨ ਆਗੂ ਕੋਡੀਹੱਲੀ ਚੰਦਰਸ਼ੇਖਰ ਨੂੰ ਪੈਸੇ ਮੰਗਦੇ ਰੰਗੇ ਹੱਥੀਂ ਫੜਨ ਦਾ ਦਾਅਵਾ ਕੀਤਾ ਸੀ। ਰਾਕੇਸ਼ ਟਿਕੈਤ ਅਤੇ ਯੁੱਧਵੀਰ ਸਿੰਘ ਨੇ ਕਿਹਾ ਕਿ ਉਹ ਇਸ ਵਿੱਚ ਸ਼ਾਮਲ ਨਹੀਂ ਤੇ ਕਿਸਾਨ ਆਗੂ ਕੋਡੀਹਾਲੀ ਚੰਦਰਸ਼ੇਖਰ ਖਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕੁਝ ਲੋਕਾਂ ਨੇ ਝਗੜਾ ਕਰ ਦਿੱਤਾ ਤੇ ਦੋਵਾਂ ਕਿਸਾਨ ਆਗੂਆਂ ਉੱਤੇ ਕਾਲੀ ਸਿਆਹੀ ਸੁੱਟਕੇ ਕੁਰਸੀਆਂ ਸੁੱਟਣ ਲੱਗ ਪਏ।ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਅਨੁਸਾਰ ਕਿਸਾਨ ਆਗੂ ਚੰਦਰਸ਼ੇਖਰ ਦੇ ਸਾਥੀਆਂ ਨੇ ਸਿਆਹੀ ਸੁੱਟੀ ਸੀ।ਬੈਂਗਲੂਰੂ ਦੇ ਹਾਈ ਗਰਾਊਂਡ ਪੁਲਿਸ ਸਟੇਸ਼ਨ ਅਨੁਸਾਰ ਕਿਸਾਨ ਨੇਤਾਵਾਂ ਉੱਤੇ ਕਾਲੀ ਸਿਆਹੀ ਸੁੱਟਣ ਦੇ ਦੋਸ਼ ਵਿੱਚ 3 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਭਾਰਤ ਦੀ ਸਿਵਲ ਸਰਵਿਸਿਜ਼ ਪ੍ਰੀਖਿਆ ਵਿੱਚ 685 ਜਣੇ ਪਾਸ

## * ਸ੍ਰੀ ਆਨੰਦਪੁਰ ਸਾਹਿਬ ਦੀ ਗਾਮਿਨੀ ਸਿੰਗਲਾ ਸਿਖਰਲੇ ਤਿੰਨਾਂ ਵਿੱਚ



ਨਵੀਂ ਦਿੱਲੀ, 30 ਮਈ, (ਪੋਸਟ ਬਿਊਰੋ)- ਭਾਰਤ ਦੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀਐੱਸਸੀ) ਨੇ ਅੱਜ ਸੋਮਵਾਰ ਨੂੰ ਸਿਵਲ ਸਰਵਿਸਿਜ਼ ਪ੍ਰੀਖਿਆ-2021 ਦੇ ਨਤੀਜੇ ਦਾ ਐਲਾਨ ਕੀਤਾ ਹੈ, ਜਿਸਦੇ ਪਹਿਲੇ ਤਿੰਨ ਥਾਂਵਾਂ ਉੱਤੇ ਲੜਕੀਆਂ ਰਹੀਆਂ ਤੇ ਸ਼ਰੂਤੀ ਸ਼ਰਮਾ ਨੇ ਸਿਖਰਲਾ ਸਥਾਨਲਿਆ ਹੈ। ਕਮਿਸ਼ਨ ਨੇ ਦੱਸਿਆ ਕਿ 685 ਉਮੀਦਵਾਰਾਂ ਨੇ ਪ੍ਰੀਖਿਆ ਪਾਸ ਕੀਤੀ ਹੈ ਅਤੇ ਪੰਜਾਬ ਦੀ ਗਾਮਿਨੀ ਸਿੰਗਲਾ ਤੀਸਰੇ ਥਾਂ ਰਹੀ ਹੈ। ਇਸ ਮੌਕੇ ਯੂ ਪੀ ਐੱਸ ਸੀ ਨੇ ਦੱਸਿਆ ਕਿ ਬਿਜਨੌਰ ਦੀ ਸ਼ਰੂਤੀ ਸ਼ਰਮਾ ਪਹਿਲੇ ਥਾਂਅਤੇ ਅੰਕਿਤਾ ਅਗਰਵਾਲ ਅਤੇ ਗਾਮਿਨੀ ਸਿੰਗਲਾ ਨੇ ਦੂਸਰਾ ਤੇ ਤੀਸਰਾ ਸਥਾਨ ਲਿਆ ਹੈ। ਹਰ ਸਾਲ ਸਿਵਲ ਸਰਵਿਸਿਜ਼ ਪ੍ਰੀਖਿਆਤਿੰਨ ਪੜਾਵਾਂ ਵਿੱਚ ਹੁੰਦੀ ਹੈ, ਜਿਸ ਵਿੱਚੋਂ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈਏਐੱਸ), ਭਾਰਤੀ ਵਿਦੇਸ਼ ਸੇਵਾ (ਆਈਐੱਫਐੱਸ) ਅਤੇ ਭਾਰਤੀ ਪੁਲਸ ਸੇਵਾ (ਆਈਪੀਐੱਸ) ਦੇ ਅਫਸਰਾਂ ਦੀ ਚੋਣ ਕੀਤੀ ਜਾਂਦੀ ਹੈ। ਬਿਜਨੌਰ ਦੀ ਸ਼ਰੂਤੀ ਨੇ ਆਪਣੀ ਪੜ੍ਹਾਈ ਦਿੱਲੀਦੀਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਕੀਤੀ ਹੈ।ਉਹ ਇਤਿਹਾਸ ਦੀ ਵਿਦਿਆਰਥਣ ਹੈ।

ਯੂ ਪੀ ਐੱਸ ਸੀਦੀ ਇਸ ਪ੍ਰੀਖਿਆ ਵਿੱਚ ਪੰਜਾਬ ਇੰਜਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਕੰਪਿਊਟਰ ਸਾਇੰਸ ਦੀ ਵਿਦਿਆਰਥਣ ਅਤੇ ਸ੍ਰੀ ਆਨੰਦਪੁਰ ਸਾਹਿਬ ਦੀ ਵਸਨੀਕ ਗਾਮਿਨੀ ਸਿੰਗਲਾ ਨੇ ਭਾਰਤ ਵਿਚੋਂ ਤੀਸਰਾ ਰੈਂਕ ਪ੍ਰਾਪਤ ਕਰ ਕੇ ਆਨੰਦਪੁਰ ਸਾਹਿਬ ਦਾ ਨਾਮ ਰੌਸ਼ਨ ਕੀਤਾ ਹੈ। ਗਾਮਿਨੀ ਸਿੰਗਲਾ ਦੇ ਮਾਤਾ ਪਿਤਾ ਡਾਕਟਰ ਹਨ ਤੇ ਹਿਮਾਚਲ ਪ੍ਰਦੇਸ਼ ਦੇ ਸ੍ਰੀ ਨੈਣਾਂ ਦੇਵੀ ਤਹਿਸੀਲ ਵਿੱਚ ਸੇਵਾ ਕਰਦੇ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ ਸੁਖ ਸਹਿਜ ਐਨਕਲੇਵ ਕਾਲੋਨੀ ਵਿੱਚ ਰਹਿੰਦੇ ਹਨ। ਗਾਮਿਨੀ ਨੇ ਆਈ ਏ ਐੱਸ ਵਾਸਤੇ ਪੇਪਰ ਦੂਸਰੀ ਵਾਰ ਦਿੱਤਾ ਤੇ ਪੂਰੇ ਭਾਰਤ ਵਿੱਚ ਤੀਸਰਾ ਰੈਂਕ ਲਿਆ ਹੈ। ਉਸ ਦਾ ਪਰਿਵਾਰ ਸੁਨਾਮ ਨਾਲ ਸੰਬੰਧ ਰੱਖਦਾ ਹੈ ਤੇ ਲੰਬੇ ਸਮੇਂ ਤੋਂ ਅਨੰਦਪੁਰ ਸਾਹਿਬ ਵਿੱਚ ਰਹਿ ਰਿਹਾ ਹੈ।

# ਆਸਮਾਨ ਵਿੱਚ ਉੱਡਦੇ ਜਹਾਜ਼ ਦੇ ਪਾਇਲਟਾਂ ਨੂੰ ਨੀਂਦ ਆਈ, ਦੋ ਦੇਸ਼ਾਂ ਨੂੰ ਭਾਜੜਾਂ ਪਈਆਂ



ਰੋਮ, 30 ਮਈ, (ਪੋਸਟ ਬਿਊਰੋ)- ਹਵਾਈਮੁਸਾਫਰਾਂ ਨਾਲ ਭਰੇ ਜਹਾਜ਼ ਨੂੰ ਉਡਾ ਰਹੇ ਪਾਇਲਟਾਂ ਨੂੰ ਨੀਂਦ ਆਉਣਨਾਲ 10 ਮਿੰਟ ਸੰਪਰਕ ਨਾ ਹੋ ਸਕਿਆ ਤਾਂ ਅਧਿਕਾਰੀਆਂ ਨੂੰ ਅੱਤਵਾਦੀ ਹਾਈਜੈਕ ਦੇ ਸ਼ੱਕਹੇਠ ਬਚਾਅ ਲਈ ਫਾਈਟਰ ਜੈੱਟ ਵੀ ਤਿਆਰ ਕਰ ਲਿਆ, ਪਰ ਛੇਤੀ ਹੀ ਪਾਇਲਟ ਜਾਗ ਪਏ।

ਇਹ ਪਾਇਲਟ ਇਟਲੀ ਦੇ ਸਟੇਟ ਏਅਰਲਾਈਨਜ਼ ਲਈ ਕੰਮ ਕਰਦੇ ਸਨ। ਇਟਲੀ ਦੇ ਅਖ਼ਬਾਰ ਮੁਤਾਬਕ ਇੱਕ ਫਲਾਈਟ ਦੇ ਦੋਵੇਂ ਪਾਇਲਟ 30 ਅਪ੍ਰੈਲ ਨੂੰ ਨਿਊਯਾਰਕ ਤੋਂ ਰੋਮ ਜਾਂਦੇ ਸਮੇਂ 330 ਨੂੰ ਕੰਟਰੋਲ ਕਰਦੇ ਵਕਤ ਸੌਂ ਗਏ।ਅਖਬਾਰ ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਜਹਾਜ਼ ਦਾ ਕੋ-ਪਾਇਲਟ ਤੈਅ ਵਕਤ ਮੁਤਾਬਕ 'ਕੰਟਰੋਲਡ ਰੈਸਟ' ਕਰਨ ਗਿਆ ਤਾਂ ਪਿੱਛੋਂ ਕੈਪਟਨ ਨੂੰ ਜਾਗਣਾ ਤੇ ਏਅਰ ਟਰੈਫਿਕ ਕੰਟਰੋਲਰਾਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਸੀ, ਪਰ ਉਦੋਂ ਜਹਾਜ਼ ਆਟੋ-ਪਾਇਲਟ ਮੋਡ ਵਿੱਚ ਸੀ ਅਤੇ ਉਸ ਨਾਲ 10 ਮਿੰਟ ਸੰਪਰਕਨਹੀਂ ਹੋ ਸਕਿਆ।ਇਸ ਜਹਾਜ਼ ਨੇ ਫਰਾਂਸ ਵਿੱਚ ਦਾਖਲ ਹੋਣ ਵੇਲੇ ਆਪਣੀ ਪੋਜੀਸ਼ਨ ਦਿੱਤੀ, ਪਰ ਪਿੱਛੋਂ ਉਨ੍ਹਾ ਨੇ ਏਅਰਟ੍ਰੈਫਿਕ ਕੰਟਰੋਲਸ ਨੂੰ ਲੋਕੇਸ਼ਨ ਦੇਣੀ ਬੰਦ ਕਰ ਦਿੱਤੀ।ਕਈ ਵਾਰ ਕੋਸ਼ਿਸ਼ ਪਿੱਛੋਂ ਵੀ ਸਫਲ ਨਾ ਹੋਣਕਾਰਨ ਫਰਾਂਸ ਦੇ ਅਧਿਕਾਰੀਆਂ ਨੇ ਇਟਲੀ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਤੇ ਅੱਤਵਾਦੀ ਘਟਨਾ ਦੀ ਚਿਤਾਵਨੀ ਦੇਣ ਦੇ ਨਾਲ ਦੋ ਫਾਈਟਰ ਜੈੱਟ ਤਿਆਰ ਰੱਖਣ ਲਈ ਕਿਹਾ ਤਾਂ ਜੋ ਉਨ੍ਹਾਂ ਨੂੰ ਯਾਤਰੀ ਜਹਾਜ਼ ਦੇ ਨੇੜੇ ਭੇਜ ਕੇ ਪਾਇਲਟ ਦੀ ਸਥਿਤੀ ਦਾ ਜਾਇਜ਼ਾ ਲਿਆ ਜਾਵੇ। ਇਸ ਦੌਰਾਨ ਰੋਮ ਦੇ ਅਧਿਕਾਰੀਆਂ ਨੇ ਵੀ ਜਹਾਜ਼ ਨਾਲ ਸੰਪਰਕ ਦੀ ਕੋਸ਼ਿਸ਼ ਕੀਤੀ ਸੀ। 10 ਮਿੰਟ ਤੱਕ ਲਗਾਤਾਰ ਕੋਸ਼ਿਸ਼ ਮਗਰੋਂ ਪਾਇਲਟ ਨੇ ਜਵਾਬ ਦਿੱਤਾ। ਉਦੋਂ ਉਹ ਸਮੇਂ ਤੋਂ 20 ਮਿੰਟ ਪਹਿਲਾਂ ਰੋਮ ਵਿਚ ਲੈਂਡ ਕਰਨ ਵਾਲੇ ਸੀ।ਏਅਰਲਾਈਨ ਦੀ ਅੰਦਰੂਨੀ ਜਾਂਚ ਵਿਚ ਕੈਪਟਨ ਨੂੰ ਦੋਸ਼ੀ ਮੰਨ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਕੈਪਟਨ ਨੇ ਸੌਣ ਦੀ ਗੱਲ ਤੋਂ ਇਨਕਾਰ ਕੀਤਾ, ਪਰ ਉਨ੍ਹਾਂ ਨੇ ਰੇਡੀਓ ਦਾ ਜਵਾਬ ਨਾ ਦੇਣ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ।

# ਔਰਤ ਨੂੰ ਆਟੋ ਤੋਂ ਖਿੱਚ ਕੇ ਡੇਗਿਆ, ਮੋਬਾਈਲ ਤੇ ਪਰਸ ਲੁੱਟ ਲਿਆ

ਅੰਮ੍ਰਿਤਸਰ, 30 ਮਈ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਪਿੱਛੋਂ ਹੋਟਲ ਤੋਂ ਏਅਰਪੋਰਟ ਜਾਂਦੇ ਇੱਕ ਪਰਵਾਰ ਉੱਤੇ ਬਾਈਕ ਸਵਾਰ ਦੋ ਲੁਟੇਰਿਆਂ ਨੇ ਹਮਲਾ ਕਰ ਦਿੱਤਾ। ਉਨ੍ਹਾ ਨੇ ਪਹਿਲਾਂ ਔਰਤ ਨੂੰ ਆਟੋ-ਰਿਕਸ਼ਾਵਿੱਚੋ ਖਿਚ ਕੇ ਸੜਕ ਉੱਤੇ ਸੁਟ ਦਿੱਤਾ ਅਤੇ ਉਸ ਦਾ ਮੋਬਾਈਲ ਤੇ ਪਰਸ ਖੋਹ ਕੇ ਫਰਾਰ ਹੋ ਗਏ। ਔਰਤ ਨੂੰ ਗੰਭੀਰ ਹਾਲਤ ਵਿੱਚ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਗੁਜਰਾਤ ਦੇ ਗਾਂਧੀਨਗਰ ਦੇ ਵਸਨੀਕ ਆਸ਼ੀਸ਼ ਝਾਅ ਨੇ ਪੁਲਸ ਨੂੰ ਦੱਸਿਆ ਕਿ ਉਹ ਪਤਨੀ ਮੀਨਾਕਸ਼ੀ ਅਤੇ ਦੋ ਬੱਚਿਆਂ ਨਾਲਸ਼ੁੱਕਰਵਾਰ ਦਰਬਾਰ ਸਾਹਿਬ ਮੱਥਾ ਟੇਕਣ ਪਹੁੰਚੇ ਤਾਂ ਵੇਰਕਾ ਬਾਈਪਾਸ ਨੇੜੇ ਇੱਕ ਹੋਟਲ ਵਿੱਚ ਕਮਰਾ ਲਿਆ ਸੀ। ਸ਼ਨੀਵਾਰ ਦੁਪਹਿਰੇ ਆਟੋ ਰਿਕਸ਼ਾ ਲੈ ਕੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਪਰਵਾਰ ਸਮੇਤ ਰਵਾਨਾ ਹੋ ਗਏ। ਮੀਨਾਕਸ਼ੀ ਦੇ ਹੱਥ ਵਿੱਚ ਮੋਬਾਈਲ ਅਤੇ ਪਰਸ ਸੀ। ਜਦੋਂ ਉਹ ਫਤਿਹਗੜ੍ਹ ਚੂੜੀਆਂ ਰੋਡ ਉੱਤੇ ਫਲਾਈਓਵਰ ਨੇੜੇ ਪਹੁੰਚੇ ਤਾਂ ਬਾਈਕ ਸਵਾਰ ਦੋ ਨੌਜਵਾਨਾਂ ਵਿੱਚੋਂ ਇੱਕ ਨੇ ਮੀਨਾਕਸ਼ੀ ਨੂੰ ਆਟੋ ਤੋਂ ਖਿੱਚ ਕੇ ਸੁੱਟ ਦਿੱਤਾ ਤੇ ਉਸ ਦੇ ਹੱਥ ਵਿੱਚ ਫੜਿਆ ਮੋਬਾਈਲ ਅਤੇ ਪਰਸ ਲੈ ਕੇ ਫਰਾਰ ਹੋ ਗਏ। ਆਸ਼ੀਸ ਨੇ ਦੱਸਿਆ ਕਿ ਡਿੱਗਣ ਕਾਰਨ ਉਨ੍ਹਾਂ ਦੀ ਪਤਨੀ ਬੇਹੋਸ਼ ਹੋ ਗਈ। ਕਿਸੇ ਤਰ੍ਹਾਂ ਉਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੂਲਰਾਂ ਵਿੱਚ ਜ਼ਹਿਰੀਲੀ ਦਵਾਈ ਪਾ ਕੇ ਚਾਰ ਘਰਾਂ ਵਿੱਚ ਚੋਰੀ

ਆਦਮਪੁਰ, 30 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਦਰਾਵਾਂ ਦੇ ਚਾਰ ਘਰਾਂ ਦੇ ਕੂਲਰਾਂ ਵਿੱਚ ਚੋਰ ਜ਼ਹਿਰੀਲੀ ਦਵਾਈ ਪਾ ਕੇ ਤੇ ਚੋਰੀ ਕਰਕੇ ਫਰਾਰ ਹੋ ਗਏ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਇਕਬਾਲ ਸਿੰਘ ਪੁੱਤਰ ਬਾਬਾ ਸਿੰਘ ਵਾਸੀ ਦਰਾਵਾ ਨੇ ਦੱਸਿਆ ਕਿ ਰਾਤ ਉਹ ਪਰਵਾਰ ਸਮੇਤ ਘਰ ਸੁੱਤੇ ਸਨ। ਸਵੇਰੇ ਉਠਣ ਉੱਤੇ ਸਾਰਿਆਂ ਦੇ ਸਿਰ ਭਾਰੇਮਹਿਸੂਸ ਹੋ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇਖਿਆ ਕਿ ਉਨ੍ਹਾਂ ਦੇ ਕਮਰੇ ਦੀ ਖਿੜਕੀ ਉਖਾੜੀ ਹੋਈ ਅਤੇ ਅਲਮਾਰੀ ਦਾ ਸਾਮਾਨ ਖਿੱਲਰਿਆ ਹੋਇਆ ਸੀ। ਚੈਕ ਕਰਨ ਉੱਤੇ ਪਤਾ ਲੱਗਾ ਕਿ ਅਲਮਾਰੀ ਵਿੱਚੋਂ ਦੋ ਵਾਲੀਆਂ ਦੇ ਜੋੜੇ, ਦੋ ਸੋਨੇ ਦੀ ਮੁੰਦਰੀਆਂ ਤੇ ਛੇ ਹਜ਼ਾਰ ਦੀ ਨਕਦੀ ਗਾਇਬ ਸੀ। ਚੋਰਾਂ ਨੇ ਘਰ ਦੇ ਬਾਹਰ ਪਏ ਟਰੰਕ ਦੀ ਵੀ ਤਲਾਸ਼ੀ ਲਈ ਸੀ।ਪਿੰਡ ਦਰਾਵਾ ਦੇ ਹੀ ਰਾਜ ਕੁਮਾਰ ਪੁੱਤਰ ਰੌਣਕੀ ਰਾਮ ਨੇ ਦੱਸਿਆ ਕਿ ਜਦੋਂ ਸਵੇਰੇ ਉਠੇ ਤਾਂ ਦੇਖਿਆ ਕਿ ਉਨ੍ਹਾਂ ਦੇ ਦੋ ਮੋਟਰਸਾਈਕਲ ਘਰੋਂ ਗਾਇਬ ਸਨ ਅਤੇ ਮੇਨ ਦਰਵਾਜ਼ੇ ਦਾ ਤਾਲਾ ਟੁੱਟਾ ਹੋਇਆ ਸੀ।ਭੁਪਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕਮਰੇ ਦੀ ਗਰਿੱਲ ਉਖਾੜ ਕੇ ਘਰ ਦੀ ਤਲਾਸ਼ੀ ਲਈ ਗਈ, ਪਰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ।ਸਾਬਕਾ ਸਰਪੰਚ ਮਲਕੀਅਤ ਸਿੰਘ ਦੀ ਪਤਨੀ ਦਰਸ਼ਨ ਨੇ ਦੱਸਿਆ ਕਿ ਉਨ੍ਹਾਂ ਦੇ ਕਮਰੇ ਦੀ ਗਰਿੱਲ ਟੁੱਟੀ ਹੋਈ ਸੀ ਅਤੇ ਅਲਮਾਰੀ ਵਿੱਚ ਚਾਰ ਸੋਨੇ ਦੀਆਂ ਵਾਲੀਆਂ, ਦੋ ਸੋਨੇ ਦੀਆਂ ਅੰਗੂਠੀਆਂ ਅਤੇ ਪਾਸਪੋਰਟ, ਜਿਸ ਉੱਤੇ ਵੀਜ਼ਾ ਲੱਗਿਆ ਹੋਇਆ ਸੀ, ਚੋਰ ਆਪਣੇ ਨਾਲ ਲੈ ਗਏ।

# ਦੋਆਬਾ ਚੌਕ ਵਿੱਚ ਪੰਜ ਲੱਖ ਰੁਪਏ ਲੁੱਟਣ ਵਾਲੇ ਦੋ ਦਬੋਚੇ

ਜਲੰਧਰ, 30 ਮਈ (ਪੋਸਟ ਬਿਊਰੋ)- ਕੈਨੇਡਾ ਵਿੱਚ ਬੇਟੇ ਕੋਲ ਜਾਣ ਦਾ ਸੁਫਨਾ ਲੈ ਕੇ ਪੰਜ ਲੱਖ ਰੁਪਏ ਬੈਂਕ ਵਿੱਚ ਜਮ੍ਹਾਂ ਕਰਵਾਉਣ ਜਾ ਰਹੇ ਬਜ਼ੁਰਗ ਜੋੜੇ ਤੋਂ ਰੁਪਏ ਖੋਹਣ ਵਾਲੇ ਦੋਸ਼ੀਆਂ ਨੂੰ ਥਾਣਾ ਰਾਮਾਮੰਡੀ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਕਰਤਾਰਪੁਰ ਵਾਸੀ ਸੋਨੂ ਤੇ ਪਿੰਡ ਦੁਲੀਕੇ ਵਾਸੀ ਜਸਪਾਲ ਵਜੋਂ ਹੋਈ ਹੈ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵੇਂ ਬਿਨਾਂ ਨੰਬਰ ਦੇ ਬਾਈਕ ਉੱਤੇ ਵਾਰਦਾਤਾਂ ਕਰਦੇ ਸਨ ਅਤੇ ਉਨ੍ਹਾਂ ਤੋਂ ਬਾਈਕ ਸਮੇਤ ਹਜ਼ਾਰਾਂ ਦੀ ਨਕਦੀ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

ਅੱਠ ਅਪ੍ਰੈਲ ਨੂੰ ਵਿਕਾਸਪੁਰੀ ਦੇ ਵਾਸੀ ਸੁਰੇਸ਼ ਭਾਰਦਵਾਜ ਨੇ ਦੱਸਿਆ ਕਿ ਉਹ ਫੈਕਟਰੀ ਤੋਂ ਪੰਜ ਲੱਖ ਰੁਪਏ ਕੈਸ਼ ਲੈ ਕੇ ਬੈਂਕ ਵਿੱਚ ਜਮ੍ਹਾਂ ਕਰਵਾਉਣ ਜਾ ਰਹੇ ਸਨ। ਇਮਾਮ ਨਾਸਿਰ ਤੋਂ ਨਿਕਲ ਕੇ ਜਦੋਂ ਦੋਆਬਾ ਚੌਕ ਨੇੜੇ ਪਹੁੰਚੇ ਤਾਂ ਪਿੱਛੋਂ ਆਏ ਲੁਟੇਰੇ ਉਨ੍ਹਾਂ ਦੇ ਹੱਥੋਂ ਕੈਸ਼ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਉਨ੍ਹਾਂ ਨੇ ਲੁਟੇਰਿਆਂ ਦਾ ਪਿੱਛਾ ਕੀਤਾ, ਪਰ ਜਦ ਉਹ ਉਨ੍ਹਾਂ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੇ ਚੱਲਦੇ ਮੋਟਰ ਸਾਈਕਲ ਤੋਂ ਉਨ੍ਹਾਂ ਨੂੰ ਧੱਕਾ ਦੇ ਦਿੱਤਾ ਜਿਸ ਕਾਰਨ ਉਹ ਸਕੂਟਰ ਸਮੇਤ ਹੇਠਾਂ ਡਿੱਗ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ।

ਦੂਸਰੇ ਪਾਸੇ ਦੋ ਅਪ੍ਰੈਲ ਨੂੰ ਲਾਡੋਵਾਲੀ ਜਲੰਧਰ ਦੀ ਵਾਸੀ ਅਨੀਤਾ ਮਦਾਨ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਜਦ ਉਹ ਘਰੋਂ ਦਵਾਈ ਲੈਣ ਜਾ ਰਹੀ ਸੀ ਤਾਂ ਨਕਾਬਪੋਸ਼ ਲੁਟੇਰੇ ਉਸ ਦਾ ਪਰਸ, ਜਿਸ ਵਿੱਚ ਮੋਬਾਈਲ ਫੋਨ ਤੇ ਜ਼ਰੂਰੀ ਕਾਗਜ਼ਾਤ ਸਨ, ਖੋਹ ਕੇ ਫਰਾਰ ਹੋ ਗਏ। ਸੂਚਨਾ ਉੱਤੇ ਸੋਨੂੰ ਤੇ ਜਸਪਾਲ ਨੂੰ ਕਾਲੀ ਸੜਕ ਜਲੰਧਰ ਤੋਂ ਗ੍ਰਿਫਤਾਰਕੀਤਾ ਤਾਂ ਦੋਵਾਂ ਦੋਸ਼ੀਆਂ ਤੋਂ ਖੋਹੇ ਹੋਏ ਚਾਰ ਮੋਬਾਈਲ, ਬਿਨਾਂ ਨੰਬਰੀ ਮੋਟਰ ਸਾਈਕਲ ਅਤੇ ਲੁੱਟੇ ਹੋਏ ਪੰਜਾਹ ਹਜ਼ਾਰ ਰੁਪਏ ਮਿਲੇ ਹਨ। ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਉਨ੍ਹਾਂ ਦਾ ਇੱਕ ਹੋਰ ਸਾਥੀ ਲੁੱਟ ਵਿੱਚ ਸ਼ਾਮਲ ਹੈ।

ਇਸ ਦੌਰਾਨ ਸਥਾਨਕ ਸੂਰਿਆ ਇਨਕਲੇਵ ਵਿੱਚ ਨਾਕਾਬੰਦੀ ਦੌਰਾਨ ਬਾਈਕ ਉੱਤੇ ਜਾਂਦੇ ਇੱਕ ਨੌਜਵਾਨ ਨੂੰ ਸ਼ੱਕ ਦੇ ਆਧਾਰ ਉੱਤੇ ਰੋਕਿਆ ਤਾਂ ਉਸ ਦਾ ਬਾਈਕ ਚੋਰੀ ਦਾ ਨਿਕ-ਲਿਆ, ਜਿਸ ਉੱਤੇ ਨੰਬਰ ਪਲੇਟ ਜਾਅਲੀ ਸੀ। ਦੋਸ਼ੀ ਦੀ ਪਛਾਣ ਹੁਸ਼ਿਆਰਪੁਰ ਵਾਸੀ ਗੁਰਪ੍ਰੀਤ ਸਿੰਘ ਗੋਪੀ ਦੇ ਰੂਪ ਵਿੱਚ ਹੋਈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage

IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application


FAMILY LAWYER
• Child & Spousal support
• Custody & Access
• Divorce
• Equalization

BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits

WILLS & ESTATE
• Wills
• Certificate of Estate Trustee with/without Will
• Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779



RENTAL CAR PROVIDED
25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਔਰਤਾਂ ਪ੍ਰਤੀ ਬਦਲਦਾ ਨਜ਼ਰੀਆ, ਬਦਲਦਾ ਜੀਵਨ !



-ਵਿਜੈ ਗਰਗ -

ਇਨ੍ਹਾਂ ਬਦਲਦੇ ਹਾਲਾਤਾਂ ਵਿੱਚ ਵੀ ਭਾਰਤੀ ਸਮਾਜ ਵਿੱਚ ਸੱਤ ਕਰੋੜ ਦੇ ਕਰੀਬ ਵਿਧਵਾਵਾਂ ਹਨ। ਇਹ ਵਿਧਵਾਵਾਂ ਮਥੁਰਾ, ਵਰਿੰਦਾਵਨ, ਕਾਸ਼ੀ ਅਤੇ ਬਨਾਰਸ ਵਰਗੀਆਂ ਥਾਵਾਂ 'ਤੇ ਆਪਣੀ ਬਾਕੀ ਦੀ ਜ਼ਿੰਦਗੀ ਬਿਤਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੋਈ ਪਛਾਣ ਨਹੀਂ ਹੈ। ਇਸੇ ਲਈ ਸਿਆਸੀ ਪਾਰਟੀਆਂ ਵੀ ਉਨ੍ਹਾਂ ਨੂੰ ਆਪਣਾ ਵੋਟ ਬੈਂਕ ਨਹੀਂ ਮੰਨਦੀਆਂ। ਉਨ੍ਹਾਂ ਲਈ ਕਦੇ ਕੋਈ ਜਨ ਅੰਦੋਲਨ ਨਹੀਂ ਹੋਇਆ।

ਮਹਾਰਾਸ਼ਟਰ ਸਰਕਾਰ ਨੇ ਅਤੀਤ ਵਿੱਚ ਵਿਧਵਾਵਾਂ ਲਈ ਆਰਥੋਡਾਕਸ ਪਰੰਪਰਾ ਨੂੰ ਖਤਮ ਕਰਕੇ ਇੱਕ ਅਗਾਂਹਵਧੂ ਕਦਮ ਚੁੱਕਿਆ ਹੈ। ਇੱਕੀਵੀਂ ਸਦੀ ਦੇ ਭਾਰਤ ਵਿੱਚ, ਜਦੋਂ ਕਦਰਾਂ-ਕੀਮਤਾਂ ਅਤੇ ਨੈਤਿਕਤਾ ਹਰ ਪਲ ਦੀ ਗੱਲ ਹੈ, ਤਾਂ ਸਮਾਜ ਵਿੱਚ ਵਿਧਵਾ ਪ੍ਰਣਾਲੀ ਨੂੰ ਲੈ ਕੇ ਚੱਲਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਸੰਵਿਧਾਨ ਵਿੱਚ ਔਰਤਾਂ ਅਤੇ ਮਰਦਾਂ ਨੂੰ ਬਰਾਬਰ ਦੇ ਅਧਿਕਾਰ ਹਨ, ਇਸ ਦੇ ਬਾਵਜੂਦ ਸਮਾਜ ਵਿੱਚ ਧਾਰਮਿਕ-ਸਮਾਜਿਕ ਰਵਾਇਤਾਂ ਦੇ ਨਾਂ 'ਤੇ ਔਰਤਾਂ 'ਤੇ ਪਾਬੰਦੀ ਲਗਾਉਣ ਵਰਗੀਆਂ ਕਈ ਬੁਰਾਈਆਂ ਹਨ।

ਹੁਣ ਉਨ੍ਹਾਂ ਨੂੰ ਖਤਮ ਕਰਨ ਦੀ ਲੋੜ ਹੈ। ਔਰਤਾਂ ਦੀ ਮੁਕਤੀ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਲੜਾਈ ਉਨ੍ਹੀਵੀਂ ਸਦੀ ਵਿੱਚ ਹੀ ਰਾਜਾ ਰਾਮਮੋਹਨ ਰਾਏ ਦੁਆਰਾ ਸ਼ੁਰੂ ਕੀਤੀ ਗਈ ਸੀ। ਪਰ ਅੱਜ ਵੀ ਔਰਤ ਨੂੰ ਅਣਗੌਲਿਆ ਕਿਉਂ ਕੀਤਾ ਜਾਂਦਾ ਹੈ? ਇਸ ਗੱਲ ਨੂੰ ਧਿਆਨ 'ਚ ਰੱਖਦੇ ਹੋਏ ਹੁਣ ਮਹਾਰਾਸ਼ਟਰ 'ਚ ਵਿਧਵਾ ਔਰਤਾਂ ਨੂੰ ਚੂੜੀਆਂ ਤੋੜਨ, ਮੱਥੇ ਤੋਂ ਸਿੰਦੂਰ ਪੂੰਝਣ ਅਤੇ ਮੰਗਲਸੂਤਰ ਉਤਾਰਨ ਦੇ ਰਿਵਾਜ਼ ਦੀ ਪਾਲਣਾ ਨਹੀਂ ਕਰਨੀ ਪਵੇਗੀ। ਕੋਲਹਾਪੁਰ ਦੀ ਹੇਵਰਵਾੜਾ ਗ੍ਰਾਮ ਪੰਚਾਇਤ 'ਚ ਵਿਧਵਾਵਾਂ ਲਈ ਇਸ ਅਣਮਨੁੱਖੀ ਪ੍ਰਥਾ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਤਬਦੀਲੀ ਜੀਵਨ ਦਾ ਨਿਯਮ ਹੈ। ਅਜਿਹੀ ਸਥਿਤੀ ਵਿਚ ਜੇਕਰ ਮਨੁੱਖੀ ਸਮਾਜ ਤਬਦੀਲੀ ਨੂੰ ਸਵੀਕਾਰ ਨਹੀਂ ਕਰਦਾ ਤਾਂ ਮਨੁੱਖ ਦੀ ਹੋਂਦ 'ਤੇ ਸਵਾਲ ਉਠਣਾ ਸੁਭਾਵਿਕ ਹੈ। ਅਜਿਹੀ ਸਥਿਤੀ ਵਿੱਚ ਤਬਦੀਲੀਆਂ ਨੂੰ ਸਹਿਜਤਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਧਵਾਵਾਂ ਪ੍ਰਤੀ ਸਮਾਜ ਦਾ ਨਜ਼ਰੀਆ ਬਦਲ ਰਿਹਾ ਹੈ। ਅੱਜ ਦੇ ਸਮੇਂ ਤੋਂ ਬਹੁਤ ਕੁਝ ਬਦਲ ਗਿਆ ਹੈ. ਵਿਧਵਾਵਾਂ ਨੂੰ ਸਹੁਰਿਆਂ ਵਿਚ ਵਧੇਰੇ ਅਧਿਕਾਰ ਮਿਲਣੇ ਸ਼ੁਰੂ ਹੋ ਗਏ, ਪੁਨਰ-ਵਿਆਹ ਵੀ ਹੋਣ ਲੱਗੇ ਅਤੇ ਇਸ ਦਿਸ਼ਾ ਵਿਚ ਨਵੀਂ ਹਵਾ ਆਉਣ ਲੱਗੀ। ਪਰ, ਇਸ ਤਰ੍ਹਾਂ ਦਾ ਬਦਲਾਅ ਇੱਕ ਦਿਨ ਵਿੱਚ ਨਹੀਂ ਹੁੰਦਾ।

ਵਿਧਵਾਵਾਂ ਬਾਰੇ ਸੋਚ ਸਮਾਜਿਕ ਅਤੇ ਸਿਆਸੀ ਪੱਧਰ 'ਤੇ ਬਦਲ ਰਹੀ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਤਬਦੀਲੀ ਕੁਝ ਪਰਿਵਾਰਾਂ ਅਤੇ ਕੁਝ ਸਮਾਜਾਂ ਤੱਕ ਸੀਮਤ ਨਹੀਂ ਰਹੇਗੀ, ਇਹ ਵਿਆਪਕ ਪੱਧਰ 'ਤੇ ਦਿਖਾਈ ਦੇਵੇਗੀ। ਕੁਝ ਸਮਾਜਾਂ ਵਿੱਚ ਵਿਧਵਾ-ਵਿਧਵਾ ਜਾਣ-ਪਛਾਣ ਕਾਨਫਰੰਸਾਂ ਵੀ ਸ਼ੁਰੂ ਹੋ ਗਈਆਂ ਹਨ। ਜਦੋਂ ਅਜਿਹੇ ਕਦਮ ਚੁੱਕੇ ਜਾਣਗੇ ਤਾਂ ਹੀ ਵਿਧਵਾਵਾਂ ਨੂੰ ਆਪਣੀ ਜ਼ਿੰਦਗੀ ਜਿਊਣ ਦਾ ਅਧਿਕਾਰ ਮਿਲੇਗਾ। ਸਮਾਜ ਵਿੱਚ ਇੱਕ ਗੱਲ ਅਕਸਰ ਕਹੀ ਜਾਂਦੀ ਹੈ ਕਿ ਨੂੰਹ ਧੀ ਵਰਗੀ ਹੁੰਦੀ ਹੈ। ਧੀ ਵਿਆਹ ਤੋਂ ਬਾਅਦ ਚਲੀ ਜਾਂਦੀ ਹੈ, ਪਰ ਨੂੰਹ ਘਰ ਵਿਚ ਹੀ ਰਹਿੰਦੀ ਹੈ।

ਪਰ, ਕਈ ਵਾਰ ਸਥਿਤੀ ਅਜਿਹੀ ਬਣ ਜਾਂਦੀ ਹੈ, ਜਦੋਂ ਘਰ ਦੀ ਸੁੰਦਰਤਾ ਵਾਲੀ ਨੂੰਹ ਦੀ ਸੁੰਦਰਤਾ ਬੰਦ ਹੋ ਜਾਂਦੀ ਹੈ। ਕੱਪੜਿਆਂ ਦਾ ਰੰਗ ਉਤਰ ਜਾਂਦਾ ਹੈ ਅਤੇ ਉਸ ਦੀ ਥਾਂ 'ਤੇ ਉਸ ਨੂੰ ਵੈਦਯ ਦਾ ਚੋਲਾ ਪਹਿਨਣਾ ਪੈਂਦਾ ਹੈ। ਇਹ ਜ਼ਿੰਦਗੀ ਦਾ ਬਹੁਤ ਹੀ ਦੁਖਦਾਈ ਸੱਚ ਹੈ। ਫਿਰ ਵੀ ਜ਼ਿੰਦਗੀ ਜੀਣੀ ਹੈ। ਜਦੋਂ ਪਰਿਵਾਰ ਅਤੇ ਸਮਾਜ ਜ਼ਿੰਦਗੀ ਦੇ ਇਸ ਦਰਦ ਨੂੰ ਸਾਂਝਾ ਕਰਦੇ ਹਨ, ਤਾਂ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਕੁਝ ਸਾਲ ਪਹਿਲਾਂ ਤੱਕ ਇਸ ਬਾਰੇ ਸੋਚਣਾ ਵੀ ਮੁਸ਼ਕਲ ਸੀ, ਪਰ ਹੁਣ ਸਮਾਜ ਦੀਆਂ ਪਰੰਪਰਾਵਾਂ ਟੁੱਟ ਰਹੀਆਂ ਹਨ। ਵਿਸ਼ਵਾਸ ਟੁੱਟਣ ਲੱਗੇ ਅਤੇ ਵਿਧਵਾਵਾਂ ਦਾ ਦਰਦ ਸਾਂਝਾ ਕੀਤਾ ਜਾਣ ਲੱਗਾ। ਹੁਣ ਉਨ੍ਹਾਂ ਨੇ ਵੀ ਵਿਆਹ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਉਹ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਣ।

ਮੱਧ ਪ੍ਰਦੇਸ਼ ਦੇ ਧਾਰ 'ਚ ਇਸ ਅਖਾਤੀਜ 'ਤੇ ਜਿਸ ਤਰ੍ਹਾਂ ਇਕ ਪਰਿਵਾਰ ਨੇ ਸਮਾਜਿਕ ਪਾਬੰਦੀਆਂ ਨੂੰ ਤੋੜਿਆ, ਉਹ ਸਮਾਜ ਦੀ ਬਦਲਦੀ ਸੋਚ ਦੀ ਜਿਉਂਦੀ ਜਾਗਦੀ ਮਿਸਾਲ ਹੈ। ਸਹੁਰੇ ਘਰ ਵਿੱਚ ਨੂੰਹ ਨੂੰ ਧੀ ਵਾਂਗ ਸਤਿਕਾਰ ਦੇਣਾ ਚਾਹੀਦਾ ਹੈ, ਇਸ ਦੀ ਮਿਸਾਲ ਧਾਰ ਦੇ ਇਸ ਪਰਿਵਾਰ ਵਿੱਚ ਦੇਖਣ ਨੂੰ ਮਿਲੀ। ਉਸਨੇ ਕੋਰੋਨਾ ਦੇ ਦੌਰ ਵਿੱਚ ਆਪਣਾ ਪੁੱਤਰ ਗੁਆ ਦਿੱਤਾ ਸੀ। ਇਹ ਅਜਿਹਾ ਦਰਦ ਸੀ ਜਿਸ ਦੀ ਭਰਪਾਈ ਕਰਨਾ ਆਸਾਨ ਨਹੀਂ ਸੀ।

ਪਰ ਪੁੱਤ ਦੀ ਮੌਤ ਤੋਂ ਬਾਅਦ ਵੀ ਸੱਸ ਨੇ ਨੂੰਹ ਨੂੰ ਧੀ ਵਾਂਗ ਪਾਲੀ ਰੱਖਿਆ। ਪੁੱਤਰ ਤੇ ਨੂੰਹ ਦੀ ਇੱਕ ਧੀ ਵੀ ਸੀ। ਕਾਫੀ ਵਿਚਾਰ-ਵਟਾਂਦਰੇ ਤੋਂ ਬਾਅਦ ਫੈਸਲਾ ਹੋਇਆ ਕਿ ਵਿਧਵਾ ਨੂੰਹ ਦਾ ਦੁਬਾਰਾ ਵਿਆਹ ਕਰ ਦਿੱਤਾ ਜਾਵੇ। ਉਸ ਪਰਿਵਾਰ ਨੇ ਆਪਣੀ ਵਿਧਵਾ ਨੂੰਹ ਦਾ ਇਸ ਅਕਸ਼ੈ ਤ੍ਰਿਤੀਆ 'ਤੇ ਦੂਜਾ ਵਿਆਹ ਕਰਵਾ ਕੇ ਉਸ ਨੂੰ ਧੀ ਵਾਂਗ ਵਿਦਾ ਕਰ ਦਿੱਤਾ। ਉਸ ਨੇ ਆਪਣੀ



ਨੂੰਹ ਨੂੰ ਵਿਆਹ ਵਿੱਚ ਤੋਹਫ਼ੇ ਵਜੋਂ ਸੱਠ ਲੱਖ ਰੁਪਏ ਦਾ ਘਰ ਵੀ ਦਿੱਤਾ ਸੀ।

ਇਹ ਕੋਈ ਮਨਘੜਤ ਕਹਾਣੀ ਨਹੀਂ ਹੈ, ਇਹ ਇੱਕ ਸੱਚੀ ਘਟਨਾ ਹੈ, ਜਿਸ ਦੇ ਬਹੁਤ ਸਾਰੇ ਲੋਕ ਗਵਾਹ ਹਨ। ਧਾਰ ਸ਼ਹਿਰ ਦੇ ਪ੍ਰਕਾਸ਼ ਨਗਰ ਦੇ ਰਹਿਣ ਵਾਲੇ ਯੁਗਪ੍ਰਕਾਸ਼ ਸਟੇਟ ਬੈਂਕ ਤੋਂ ਸੇਵਾਮੁਕਤ ਏ.ਜੀ.ਐਮ. ਉਸਨੇ ਕੋਰੋਨਾ ਦੀ ਦੂਜੀ ਲਹਿਰ ਵਿੱਚ ਆਪਣਾ ਪੁੱਤਰ ਗੁਆ ਦਿੱਤਾ। ਇਸ ਤੋਂ ਬਾਅਦ ਉਸ ਨੇ ਕਿਸੇ ਤਰ੍ਹਾਂ ਆਪਣਾ ਅਤੇ ਆਪਣੇ ਪਰਿਵਾਰ ਨੂੰ ਸੰਭਾਲਿਆ। ਫਿਰ ਉਸ ਨੂੰ ਵਿਧਵਾ ਨੂੰਹ ਦੇ ਭਵਿੱਖ ਦੀ ਚਿੰਤਾ ਵੀ ਸਤਾਉਣ ਲੱਗੀ। ਉਸ ਨੇ ਨੂੰਹ ਨਾਲ ਦੂਜੀ ਵਾਰ ਵਿਆਹ ਕਰਨ ਬਾਰੇ ਸੋਚਿਆ, ਪਰ ਨੂੰਹ ਨਾ ਮੰਨੀ।

ਕਾਫੀ ਸਮਝਾਉਣ ਤੋਂ ਬਾਅਦ ਉਹ ਦੂਜੇ ਵਿਆਹ ਲਈ ਰਾਜ਼ੀ ਹੋ ਗਿਆ। ਕੁਝ ਦਿਨਾਂ ਬਾਅਦ ਉਸ ਦੇ ਨਾਗਪੁਰ ਦੇ ਇਕ ਨੌਜਵਾਨ ਨਾਲ ਸਬੰਧ ਪੱਕੇ ਹੋ ਗਏ। ਫਿਰ ਵਿਆਹ ਵੀ ਇਸ ਅਖਾਤੀਜ 'ਤੇ ਹੋਇਆ। ਧੀ ਵੀ ਆਪਣੀ ਮਾਂ ਨਾਲ ਨਵੇਂ ਪਰਿਵਾਰ ਵਿੱਚ ਵਸਣ ਲਈ ਨਾਗ-ਪੁਰ ਚਲੀ ਗਈ। ਉਸਦਾ ਸਾਬਕਾ ਪਤੀ ਭੋਪਾਲ ਦੀ ਇੱਕ ਕੰਪਨੀ ਵਿੱਚ ਸੀਨੀਅਰ ਸਾਫਟਵੇਅਰ ਇੰਜੀਨੀਅਰ ਸੀ। ਉਸ ਦੀ ਮੌਤ ਤੋਂ ਬਾਅਦ ਨੂੰਹ ਨੂੰ ਕੰਪਨੀ ਨੇ ਨੌਕਰੀ ਦਿੱਤੀ ਸੀ। ਸੱਸ ਨੇ ਨਾਗਪੁਰ ਵਿੱਚ ਪੁੱਤਰ ਵੱਲੋਂ ਖਰੀਦਿਆ ਘਰ ਵੀ ਨੂੰਹ ਨੂੰ ਤੋਹਫ਼ੇ ਵਿੱਚ ਦਿੱਤਾ।

ਇਹੋ ਜਿਹੀਆਂ ਹੋਰ ਘਟਨਾਵਾਂ ਦਰਸਾਉਂਦੀਆਂ ਹਨ ਕਿ ਹੁਣ ਨੂੰਹ ਪ੍ਰਤੀ ਸਹੁਰਿਆਂ ਦੀ ਸੋਚ ਬਦਲਣ ਲੱਗੀ ਹੈ। ਹੁਣ ਚਿੱਟਾ ਪਹਿਰਾਵਾ ਉਸ ਲਈ ਆਮ ਪਹਿਰਾਵਾ ਨਹੀਂ ਸੀ। ਹੌਲੀ-ਹੌਲੀ ਅਜਿਹੀ ਸਮਾਜਿਕ ਸੋਚ ਪ੍ਰਫੁੱਲਤ ਹੋਣ ਲੱਗੀ ਹੈ, ਜਦੋਂ ਵਿਧਵਾਵਾਂ ਦੇ ਮੁੜ ਵਿਆਹ ਹੋਣੇ ਸ਼ੁਰੂ ਹੋ ਗਏ ਹਨ। ਕੁਝ ਸਮਾਜਾਂ ਵਿੱਚ ਵਿਧਵਾ-ਵਿਧਵਾ ਵਿਆਹਾਂ ਦੀਆਂ ਜਾਣ-ਪਛਾਣ ਕਾਨਫਰੰਸਾਂ ਵੀ ਕਰਵਾਈਆਂ ਗਈਆਂ। ਜਦੋਂ ਕਿ ਕੋਈ ਸਮਾਂ ਸੀ ਜਦੋਂ ਇਸ ਤਰ੍ਹਾਂ ਦੀ ਗੱਲ ਕਰਨਾ ਵੀ ਪਾਪ ਸਮਝਿਆ ਜਾਂਦਾ ਸੀ।

ਸਮਾਜ ਵਿੱਚ ਆਈ ਇਸ ਚੇਤਨਾ ਨੇ ਇਹ ਅਹਿਸਾਸ ਕਰਵਾਇਆ ਕਿ ਵਿਧਵਾ ਹੋਣਾ ਇੱਕ ਦੁਰਘਟਨਾ ਹੈ, ਜਿਸ ਨੂੰ ਸਾਰੀ ਉਮਰ ਅਨੁਭਵ ਨਹੀਂ ਕੀਤਾ ਜਾ ਸਕਦਾ। ਹਾਂ, ਇਨ੍ਹਾਂ ਬਦਲਦੇ ਹਾਲਾਤਾਂ ਵਿਚ ਵੀ ਭਾਰਤੀ ਸਮਾਜ ਵਿਚ ਸੱਤ ਕਰੋੜ ਦੇ ਕਰੀਬ ਵਿਧਵਾਵਾਂ ਹਨ। ਇਹ ਵਿਧਵਾਵਾਂ ਮਥੁਰਾ, ਵਰਿੰਦਾਵਨ, ਕਾਸ਼ੀ ਅਤੇ ਬਨਾਰਸ ਵਰਗੀਆਂ ਥਾਵਾਂ 'ਤੇ ਆਪਣੀ ਬਾਕੀ ਦੀ ਜ਼ਿੰਦਗੀ ਬਿਤਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੋਈ ਪਛਾਣ ਨਹੀਂ ਹੈ। ਇਸੇ ਲਈ ਸਿਆਸੀ ਪਾਰਟੀਆਂ ਵੀ ਉਨ੍ਹਾਂ ਨੂੰ ਆਪਣਾ ਵੋਟ ਬੈਂਕ ਨਹੀਂ ਮੰਨਦੀਆਂ। ਉਨ੍ਹਾਂ ਲਈ ਕਦੇ ਕੋਈ ਜਨ ਅੰਦੋਲਨ ਨਹੀਂ ਹੋਇਆ।

ਵਿਧਵਾਵਾਂ ਦੇ ਦਰਦ ਨੂੰ ਸਮਝਣ ਲਈ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਮਾਰਟੀ ਚੇਨ ਅਤੇ ਜੀਨ ਡਰੇਜ਼ ਨੇ 1995 ਵਿੱਚ ਵੱਡੀ ਖੋਜ ਕੀਤੀ ਸੀ। ਉਸਨੇ ਆਪਣੀ ਖੋਜ ਦੇ ਨਤੀਜਿਆਂ ਨੂੰ ਸਾਂਝਾ ਕਰਨ ਲਈ ਇੱਕ ਵਿਸ਼ਾਲ ਵਰਕ-ਸ਼ਾਪ ਦਾ ਆਯੋਜਨ ਵੀ ਕੀਤਾ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵਿਧਵਾਵਾਂ ਨੇ ਭਾਗ ਲਿਆ। ਬਹੁਤ ਸਾਰੀਆਂ ਵਿਧਵਾਵਾਂ ਨੇ ਦੱਸਿਆ ਕਿ ਭਾਵੇਂ ਉਹ ਕਾਨੂੰਨ ਦੁਆਰਾ ਆਪਣੇ ਮਰਹੂਮ ਪਤੀਆਂ ਅਤੇ ਉਹਨਾਂ ਦੇ ਮਾਪਿਆਂ ਦੁਆਰਾ ਉਹਨਾਂ ਨੂੰ ਦਿੱਤੀ ਗਈ ਜ਼ਮੀਨ ਦੇ ਮਾਲਕ ਹੋਣ ਦੇ ਹੱਕਦਾਰ ਸਨ, ਉਹਨਾਂ ਨੂੰ ਅਕਸਰ ਇਸ ਤੋਂ ਇਨਕਾਰ ਕੀਤਾ ਜਾਂਦਾ ਸੀ।

ਇੱਥੋਂ ਤੱਕ ਕਿ ਕਈ ਵਾਰ ਹਾਲਾਤ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਨੂੰ 'ਡੈਣ' ਕਰਾਰ ਦੇ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਦੀ ਜਾਨ ਵੀ ਲੈ ਲਈ ਜਾਂਦੀ ਹੈ। ਇਹ ਸਭ ਕੁਝ ਇੱਕ ਲੋਕਤੰਤਰੀ ਮਾਹੌਲ ਵਿੱਚ ਹੁੰਦਾ ਹੈ ਜਿੱਥੇ ਸੰਵਿਧਾਨ ਕਾਨੂੰਨ ਦੇ ਸਾਹਮਣੇ ਬਰਾਬਰੀ ਅਤੇ ਆਜ਼ਾਦ ਜੀਵਨ ਜਿਊਣ ਦੀ ਆਜ਼ਾਦੀ ਪ੍ਰਦਾਨ ਕਰਦਾ ਹੈ। ਚਾਹੇ ਉਹ ਔਰਤ ਹੋਵੇ ਜਾਂ ਮਰਦ। ਹਿੰਦੂ ਮਾਨਤਾਵਾਂ ਅਨੁਸਾਰ ਅਰਧਨਾਰੀਸ਼ਵਰ ਦੇ ਰੂਪ ਤੋਂ ਹਰ ਕੋਈ ਜਾਣੂ ਹੈ। ਜਿੱਥੇ ਸ਼ਿਵ ਨਰ ਨੂੰ ਦਰਸਾਉਂਦਾ ਹੈ ਅਤੇ ਪਾਰਵਤੀ ਔਰਤ ਨੂੰ ਦਰਸਾਉਂਦੀ ਹੈ ਅਤੇ ਇਹ ਰੂਪ ਕਿਤੇ ਨਾ ਕਿਤੇ ਇਹ ਦਰਸਾਉਂਦਾ ਹੈ ਕਿ ਇਹ ਸ੍ਰਿਸ਼ਟੀ ਅਤੇ ਸੰਸਾਰ ਦੋਵੇਂ ਅਧੂਰੇ ਹਨ। ਫਿਰ ਸਮਾਜ ਵਿੱਚ ਔਰਤਾਂ ਪ੍ਰਤੀ ਨਫ਼ਰਤ ਦੀ ਭਾਵਨਾ ਕਿੱਥੋਂ ਆਉਂਦੀ ਹੈ?

ਔਰਤ ਭਾਵੇਂ ਸ਼ਾਦੀਸ਼ੁਦਾ ਹੋਵੇ ਜਾਂ ਵਿਧਵਾ, ਸਮਾਜ ਵਿਚ ਉਸ ਦਾ ਸਥਾਨ ਕੋਈ ਨਹੀਂ ਖੋਹ ਸਕਦਾ। ਅਜਿਹੀ ਸਥਿਤੀ ਵਿੱਚ ਸਿਰਫ ਇੱਕ ਰਾਜ ਜਾਂ ਇੱਕ ਖੇਤਰ ਵਿੱਚ ਅਨੁਸ਼ਾਸਨ ਪ੍ਰਤੀ ਸੋਚ ਬਦਲਣ ਨਾਲ ਸਮਾਜ ਵਿੱਚ ਇਹ ਪਰੰਪਰਾ ਪੂਰੀ ਤਰ੍ਹਾਂ ਬਦਲਣ ਵਾਲੀ ਨਹੀਂ ਹੈ। ਇਸ ਦੇ ਲਈ ਹੁਣ ਪੂਰੇ ਦੇਸ਼ ਵਿੱਚ ਸਿਆਸੀ ਅਤੇ ਸਮਾਜਿਕ ਚੇਤਨਾ ਜਗਾਉਣ ਦੀ ਲੋੜ ਹੈ ਕਿਉਂਕਿ ਸੱਤ ਕਰੋੜ ਦੀ ਆਬਾਦੀ ਕਿਸੇ ਤੋਂ ਘੱਟ ਨਹੀਂ ਹੈ। ਸਾਨੂੰ ਇਸ ਹੱਕ ਲਈ ਇਕਜੁੱਟ ਹੋਣਾ ਚਾਹੀਦਾ ਹੈ, ਕਿਉਂਕਿ ਬਿਹਤਰ ਜ਼ਿੰਦਗੀ ਜਿਊਣਾ ਹਰ ਕਿਸੇ ਦਾ ਅਧਿਕਾਰ ਹੈ।

# ਗੁਰੂ ਅਰਜਨ ਸਾਹਿਬ ਜੀ ਨੂੰ ਯਾਦ ਕਰਦਿਆਂ



-ਸੁਖਚੈਨ ਸਿੰਘ ਕੁਰੜ-

ਸਿੱਖ ਇਤਿਹਾਸ ਦੀ ਗੱਲ ਬਾਬੇ ਨਾਨਕ ਦੇ ਕਿਰਤ ਦੇ ਸਿਧਾਂਤ ਦੀ ਗੱਲ ਕਰਦਿਆਂ,ਬਾਬਰ ਨੂੰ ਲਲਕਾਰਦਿਆਂ ਅੱਗੇ ਤੁਰਦੀ-ਤੁਰਦੀ ਸ਼ਹਾਦਤ ਤੱਕ ਦਾ ਸਫ਼ਰ ਤੈਅ ਕਰਦੀ ਹੈ। ਗੁਰੂ ਨਾਨਕ ਜੀ ਆਪਣੀ ਬਾਣੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 53 ਤੇ ਸਿਰੀ ਰਾਗ ਵਿੱਚ ਲਿਖਦੇ ਹੋਏ "ਸ਼ਹੀਦ" ਨੂੰ ਪੀਰਾਂ ਪੈਗੰਬਰਾਂ ਦੀ ਪੰਕਤੀ ਵਿੱਚ ਖੜ੍ਹਾ ਕਰਦੇ ਹਨ।

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।।

ਸ਼ਹੀਦ ਅਤੇ ਸ਼ਹਾਦਤ ਦੋਵੇਂ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹੀਦ ਦਾ ਭਾਵ ਆਪਣੇ ਈਮਾਨ ਦੀ ਗਵਾਹੀ ਦੇਣ ਵਾਲ਼ਾ ਜਾਂ ਧਰਮ ਯੁੱਧ ਵਿਚ ਸ਼ਹੀਦ ਹੋਣ ਵਾਲ਼ਾ ਹੈ। ਇਹ ਪਵਿੱਤਰ ਸ਼ਬਦ ਹੈ ਜਿਸ ਵਿਚ ਨਿੱਜੀ ਲਾਲਸਾ ਲਈ ਕੋਈ ਥਾਂ ਨਹੀਂ। ਕਿਸੇ ਉਚੇ-ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਸਰੀਰ ਦੀ ਕੁਰਬਾਨੀ ਦੇਣ ਵਾਲ਼ਾ ਸ਼ਹੀਦ ਹੈ। ਸ਼ਹੀਦ ਆਪਣੇ ਵਿਸ਼ਵਾਸ ਦੀ ਗਵਾਹੀ ਸਿਦਕ ਨਾਲ ਭਰਮ ਭਉ ਤੋਂ ਰਹਿਤ ਹੋ ਕੇ ਦਿੰਦਾ ਹੈ। ਭਾਈ ਗੁਰਦਾਸ ਦੀ ਆਪਣੀ ਤੀਜੀ ਵਾਰ ਦੀ ਅਠਾਰ੍ਹਵੀਂ ਪਉੜੀ ਵਿੱਚ ਸ਼ਹੀਦ ਸ਼ਬਦ ਬਾਰੇ ਲਿਖਦੇ ਹਨ:-

ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।।

ਭਾਵ ਉਹੀ ਸ਼ਹੀਦ ਅਖਵਾਉਣ ਦਾ ਹੱਕਦਾਰ ਹੈ ਜਿਸ ਵਿੱਚ ਸਬਰ,ਸਿਦਕ ਆਦਿ ਜਿਹੇ ਅਮੋਲਕ ਗੁਣ ਹੋਣ।

ਇਹ ਉਪਰੋਕਤ ਗੁਣ ਬਾਬੇ ਨਾਨਕ ਦੀ ਸਿੱਖੀ ਵਿੱਚ ਸਮੇਂ ਤੇ ਹਾਲਾਤਾਂ ਦਾ ਸਫ਼ਰ ਤੈਅ ਕਰਦਿਆਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਖ਼ਸੀਅਤ ਦੇ ਹਾਣੀ ਹੋ ਨਿਬੜਦੇ ਹਨ। ਸਿੱਖ ਧਰਮ ਵਿੱਚ ਪਹਿਲੀ ਸ਼ਹਾਦਤ ਦਾ ਮਾਣ ਗੁਰੂ ਅਰਜਨ ਸਾਹਿਬ ਜੀ ਦੇ ਹਿੱਸੇ ਹੀ ਆਇਆ।

ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੇਤਾ, ਬਾਣੀ ਦੇ ਬੋਹਿਥਾ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ,ਹਰਿਮੰਦਰ ਸਾਹਿਬ ਤੇ ਤਰਨਤਾਰਨ ਸਾਹਿਬ ਦੇ ਸਿਰਜਣਹਾਰੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਪੁੱਤਰ ਗੁਰੂ ਅਰਜਨ ਸਾਹਿਬ ਜੀ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ (ਜੋ ਕਿ ਗੁਰੂ ਅਮਰਦਾਸ ਜੀ ਦੇ ਬੇਟੀ ਸਨ) ਦੀ ਕੁੱਖੋਂ ਗੋਇੰਦਵਾਲ ਵਿਖੇ ਹੋਇਆ। ਗੁਰੂ ਅਰਜਨ ਸਾਹਿਬ ਦੇ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਸਨ। ਗੁਰੂ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਦੁਨਿਆਵੀਂ ਤੌਰ ਉਤੇ ਸਿਆਣਾ ਤੇ ਚਤੁਰ ਬੁੱਧੀ ਵਾਲਾ ਸੀ। ਜਿਸ ਦੀ ਦੀ ਅੱਖ ਸ਼ੁਰੂ ਤੋਂ ਹੀ ਗੁਰਗੱਦੀ ਉਤੇ ਸੀ। ਜਿਸਨੇ ਬਾਅਦ ਵਿੱਚ ਗੁਰੂ ਜੀ ਲਈ ਕਈ ਸਮੱਸਿਆਵਾਂ ਵੀ ਖੜ੍ਹੀਆਂ ਕੀਤੀਆਂ।

ਦੂਜੇ ਭਰਾ ਬਾਬਾ ਮਹਾਂਦੇਵ ਤਿਆਗੀ ਨਿਰਲੇਪ ਤੇ ਉਦਾਸੀ ਅਵਸਥਾ ਵਾਲੇ ਸਨ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਬਚਪਨ ਦੇ ਮੁੱਢਲੇ ਗਿਆਰਾਂ ਸਾਲ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਛੱਤਰ ਛਾਇਆ ਹੇਠ ਬਿਤਾਏ। ਇਸ ਦੌਰਾਨ ਹੀ ਗੁਰੂ ਅਰਜਨ ਜੀ ਨੇ ਇਥੇ ਆਪਣੇ ਨਾਨਾ ਜੀ ਕੋਲੋਂ ਗੁਰਮੁਖੀ 'ਚ ਮੁਹਾਰਤ ਹਾਸਲ ਕੀਤੀ। ਇਸ ਸਮੇਂ ਹੀ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਕਾ ਬੋਹਿਥਾ ਦਾ ਅਸ਼ੀਰਵਾਦ ਦਿੱਤਾ ਸੀ।

ਛੋਟੀ ਉਮਰੇ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਵਾਲੀ ਬਿਰਤੀ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋਵਾਂ ਪੁੱਤਰਾਂ (ਪ੍ਰਿਥੀ ਚੰਦ ਅਤੇ ਮਹਾਂਦੇਵ) ਨੂੰ ਛੱਡ ਕੇ 1 ਸਤੰਬਰ 1581 ਈ. ਨੂੰ ਸ਼ੁਕਰਵਾਰ ਵਾਲੇ ਦਿਨ ਗੁਰੂ ਨਾਨਕ ਦੇਵ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਦਿੱਤਾ।

ਆਪ ਜੀ ਦਾ ਗੁਰੂ ਕਾਲ 1581 ਤੋਂ 1606 ਤੱਕ ਰਿਹਾ। ਇਸ ਦੌਰਾਨ ਆਪਣੇ ਸਿੱਖੀ ਦੇ ਵਿਕਾਸ ਵਿੱਚ ਮਹਾਨ ਕਾਰਜ ਕੀਤੇ।

ਸਭ ਤੋਂ ਮਹਾਨ ਕਾਰਜ ਦੀ ਗੱਲ ਕਰੀਏ ਤਾਂ ਉਹ ਹੈ ਪਹਿਲੇ ਗੁਰੂ ਸਾਹਿਬਾਨ ਜੀ ਦੀ ਬਾਣੀ ਇੱਕਠੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨਾ। ਆਦਿ ਗ੍ਰੰਥ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ 1601 ਈ. ਵਿੱਚ ਸ਼ੁਰੂ ਕੀਤੀ ਤੇ ਤਿੰਨ ਵਰ੍ਹਿਆ ਵਿੱਚ 1604 ਈ. ਨੂੰ ਸੰਪੂਰਨ ਹੋਈ। ਇਸਦੇ ਲਿਖਾਰੀ ਭਾਈ ਗੁਰਦਾਸ ਜੀ ਸਨ। ਅੱਜ ਕੱਲ੍ਹ 'ਆਦਿ ਗ੍ਰੰਥ' ਨੂੰ ਕਰਤਾਰ-ਪੁਰ ਵਿਖੇ ਸਥਾਪਿਤ ਕੀਤਾ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਮੱਧ ਕਾਲ ਦੀ ਸਭ ਤੋਂ ਮਹਾਨ ਅਧਿਆਤਮਕ ਰਚਨਾ ਹੈ। ਗੁਰੂ ਅਰਜਨ ਜੀ ਨੇ ਕੱਚੀ ਤੇ ਸੱਚੀ ਬਾਣੀ ਦਾ ਨਿਖੇੜ ਕਰਨ ਲਈ ਅਤੇ ਗੁਰੂਆਂ ਦੇ ਮਿਸ਼ਨ ਨੂੰ ਸਦੀਵਤਾ ਦੇਣ ਲਈ ਆਦਿ ਗ੍ਰੰਥ ਦੀ ਬੀੜ ਤਿਆਰ ਕਰਨ ਦਾ ਫ਼ੈਸਲਾ ਕੀਤਾ।

ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹਾਨਤਾ ਦਾ ਜ਼ਿਕਰ ਕਰਦਾ ਹੋਇਆ ਡੰਕਨ ਗ੍ਰੀਨੀਲੀਜ਼ ਲਿਖਦਾ ਹੈ:- " ਵਿਸ਼ਵ ਦੀਆਂ ਧਰਮ ਪੁਸਤਕਾਂ ਵਿਚੋਂ, ਸ਼ਾਇਦ ਹੀ ਕਿਸੇ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਾਨ ਸਾਹਿਤਕ ਖ਼ੂਬਸੂਰਤੀ ਹੋਵੇ ਜਾਂ ਇਕ-ਰਸ ਅਨੁਭਵੀ, ਗਿਆਨ ਦੀ ਉੱਚਤਾ ਹੋਵੇ। "

ਪ੍ਰੋ. ਬ੍ਰਹਮਜਗਦੀਸ਼ ਅਨੁਸਾਰ "ਸ਼੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਦੀ ਸਾਹਿਤਿਕ ਵਿਰਾਸਤ ਦਾ ਇੱਕ ਗੌਰਵਮਈ ਅਤੇ ਪ੍ਰਮਾਣਿਕ ਦਸਤਾਵੇਜ਼ ਹੈ। ਇਸ ਵਿੱਚ ਵੇਦਾਂ, ਉੱਪਨਿਸ਼ਦਾਂ, ਸਿਮ੍ਰਤੀਆਂ, ਸ਼ਾਸਤਰਾਂ, ਨਾਥ-ਬਾਣੀ, ਪੱਵਿਤਰ ਕੁਰਾਨ ਅਤੇ ਸੂਫੀ ਕਵਿਤਾ ਨਾਲ ਬੜਾ ਜੀਵੰਤ ਸੰਵਾਦ ਰਚਾਇਆ ਗਿਆ ਹੈ।"

ਸ਼੍ਰੀ ਗੁਰੂ ਗ੍ਰੰਥ ਸਾਹਿਬ ਕਾਵਿ ਰੂਪਾਂ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦਾ ਇੱਕ ਬਹੁਮੁੱਲਾ ਭੰਡਾਰ ਹੈ। ਹੋਰ ਕਿਸੇ ਵੀ ਧਾਰਮਿਕ ਗ੍ਰੰਥ ਵਿੱਚ ਏਨੇ ਕਾਵਿ ਰੂਪਾਂ ਦਾ ਪ੍ਰਯੋਗ ਨਹੀਂ ਮਿਲਦਾ। ਇਹਨਾਂ ਵਿਚੋਂ ਬਹੁਤ ਸਾਰੇ ਰੂਪ ਲੋਕ ਸਾਹਿਤ ਦੇ ਭੰਡਾਰ ਵਿਚੋਂ ਆਏ ਹਨ ਜਿਵੇਂ: - ਆਰਤੀ, ਅਲਾਹੁਣੀਆਂ, ਅੰਜਲੀਆਂ, ਸੋਹਿਲਾ, ਸੁਚਜੀ, ਕੁਚਜੀ, ਕਰਹਲੇ, ਰੁਤੀ, ਘੋੜੀਆਂ, ਬਾਰਾਂਮਾਹ, ਪੱਟੀ, ਪਹਿਰੇ, ਥਿਤੀ, ਦਿਨ ਰੈਣ, ਸੱਤ-ਵਾਰਾ, ਗਾਥਾ,ਬਿਰਹੜੇ, ਲਾਵਾਂ, ਡੱਖਣੇ ਅਦਿ ਸਾਮਿਲ ਸਨ। ਇੱਥੇ ਕੁਲ 55 ਕਾਵਿ ਰੂਪ ਵਰਤੇ ਗਏ ਹਨ। ਇਸੇ ਲੜੀ ਵਿੱਚ ਸੱਦ, ਕਾਫ਼ੀ, ਬਾਵਨਅੱਖਰੀ, ਵਾਰ,ਪਉੜੀ,ਛੰਤ, ਨੀਸਾਣ ਅਤੇ ਛਕਾਂ ਆਦਿ ਕਾਵਿ ਰੂਪ ਆ ਜਾਂਦੇ ਹਨ।

ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਜੀ ਬਾਣੀ ਨੂੰ ਸ਼ਾਮਲ ਕਰਦਿਆਂ 1708 ਈ. ਵਿੱਚ ਦੇਹ ਗੁਰੂ ਦੀ ਥਾਂ ਤੇ ਸ਼ਬਦ ਵਜੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ ਅਤੇ ਅੱਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜਿੱਥੇ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਹੈ ਉਥੇ ਨਾਲ ਹੀ ਇਸ ਗ੍ਰੰਥ ਨੂੰ ਗੁਰੂ ਦਾ ਦਰਜਾ ਵੀ ਪ੍ਰਾਪਤ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ,ਪੰਦਰਾਂ ਭਗਤਾਂ,ਗਿਆਰਾਂ ਭੱਟਾਂ ਤੇ 4 ਗੁਰਸਿੱਖਾਂ ਸਮੇਤ 36 ਰੱਬੀ ਰੂਹਾਂ ਦੀ ਰਚਨਾ 31 ਰਾਗਾਂ ਵਿੱਚ ਜੋ ਗੁਰਮਤਿ ਦੇ ਆਸ਼ੇ ਦੇ ਅਨੁਕੂਲ ਦਰਜ ਕੀਤੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਰਾਗਾਂ (30 ਰਾਗ) ਤੇ ਸਭ ਤੋਂ ਵੱਧ ਬਾਣੀ (2216 ਸ਼ਬਦ) ਰਚਨ ਦਾ ਮਾਣ ਵੀ ਗੁਰੂ ਅਰਜਨ ਸਾਹਿਬ ਜੀ ਦੇ ਹਿੱਸੇ ਹੀ ਆਇਆ ਹੈ।

ਗੁਰੂ ਅਰਜਨ ਸਾਹਿਬ ਜੀ ਦੀਆਂ ਮੁੱਖ ਰਚਨਾਵਾਂ-ਸੁਖਮਨੀ,ਬਾਰਾਂਮਾਹ,ਬਾਵਨ ਅੱਖਰੀ, ਫੁਨਹੇ,ਮਾਰੂ ਡਖਣੇ,ਵਾਰਾਂ,ਥਿਤੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਅੱਜ ਆਪਾਂ ਇੱਥੇ ਗੁਰੂ ਸਾਹਿਬ ਦੀਆਂ ਪ੍ਰਮੁੱਖ ਬਾਣੀਆਂ ਨਾਲ਼ ਜਾਣ ਪਹਿਚਾਣ ਕਰਵਾਵਾਂਗੇ।

ਸੁਖਮਨੀ:-

ਸੁਖਮਨੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਾਹਕਾਰ ਰਚਨਾ ਹੈ। ਜਿਸ ਨੂੰ ਸਤਿਕਾਰ ਵਜੋਂ ਅਸੀਂ ਸੁਖਮਨੀ ਸਾਹਿਬ ਕਹਿੰਦੇ ਹਾਂ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 262 ਤੋਂ 296 ਉੱਤੇ ਅੰਕਤ ਹੈ। ਆਦਿ ਗ੍ਰੰਥ ਦੇ 35 ਵੱਡੇ ਪੰਨਿਆ 'ਤੇ ਦਰਜ 'ਸੁਖਮਨੀ' ਆਦਿ ਗ੍ਰੰਥ ਵਿਚਲੀਆਂ ਬਾਣੀਆਂ 'ਚੋਂ ਸਭ ਤੋਂ ਲੰਮੀ ਬਾਣੀ ਹੈ। ਗੁਰਮਤਿ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਜੀ ਨੇ ਸੁਖਮਨੀ ਦੀ ਇਹ ਬਾਣੀ 'ਰਾਮਸਰ' ਦੇ ਸਥਾਨ ਉੱਤੇ ਬੈਠ ਕੇ ਅੰਦਾਜ਼ਨ 1601-02 ਵਿੱਚ ਮੁਕੰਮਲ ਕੀਤੀ। ਇਸ ਦੀਆਂ ਕੁੱਲ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਦੇ ਅਰੰਭ ਵਿੱਚ ਇੱਕ ਸ਼ਲੋਕ ਅੰਕਿਤ ਹੈ, ਜਿਸ ਵਿੱਚ ਉਸ ਅਸ਼ਟਪਦੀ ਦਾ ਸਾਰ ਦਿੱਤਾ ਗਿਆ ਹੈ। ਹਰ ਅਸ਼ਟਪਦੀ ਵਿੱਚ 8 ਪਉੜੀਆਂ(ਬੰਦ) ਅਤੇ ਹਰ ਪਉੜੀ ਵਿੱਚ 10 ਤੁਕਾਂ ਹਨ। ਇਸ ਦੀਆਂ 1977 ਤੁਕਾਂ ਹਨ।

ਬਾਰਾਂਮਾਹ:-

ਗੁਰੂ ਸਾਹਿਬ ਦੁਆਰਾ ਬਾਰਾਂਮਾਹ ਦੀ ਰਚਨਾ ਇਕ ਅਨਮੋਲ ਕਿਰਤ ਹੋ ਨਿੱਬੜੀ ਹੈ। ਵੱਡੀ ਗੱਲ ਗੁਰੂ ਸਾਹਿਬ ਨੇ ਬਾਰਾਂਮਾਹ ਦੀ ਰਚਨਾ ਮਾਝ ਰਾਗ ਵਿਚ ਕੀਤੀ। ਸਿਰੀਰਾਗੁ ਤੋਂ ਬਾਅਦ ਮਾਝ ਦੂਸਰਾ ਮੁੱਖ ਰਾਗ ਹੈ।

ਇਸ ਰਾਗ ਨੂੰ ਦਰਦ ਅਤੇ ਵੇਦਨਾ ਦਾ ਰਾਗ ਮੰਨਿਆ ਜਾਂਦਾ ਹੈ।

ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 133 ਤੋਂ 136 ਤੱਕ ਦਰਜ ਕੀਤੀ ਹੋਈ ਹੈ। ਬਾਰਾਂਮਾਹ ਬਾਰ੍ਹਾਂ ਮਹੀਨਿਆਂ ਦੇ ਸੰਦਰਭ ਵਿੱਚ ਲਿਖੀ ਗਈ ਲੋਕ-ਕਾਵਿ ਰਚਨਾ ਹੈ। ਇਸ ਰਚਨਾ ਦਾ ਮੁੱਖ ਧੁਰਾ ਕੁਦਰਤ ਹੈ। ਰਾਗ ਮਾਝ ਵਿੱਚ ਲਿਖਿਆ ਬਾਰਾਂਮਾਹ ਗੁਰੂ ਅਰਜਨ ਜੀ ਦੀ ਸ੍ਰੇਸ਼ਟ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਿਰਫ਼ ਦੋ ਹੀ ਬਾਰਹਮਾਹ ਦਰਜ ਹਨ। ਗੁਰੂ ਅਰਜਨ ਸਾਹਿਬ ਰਚਿਤ ਬਾਰਾਂਮਾਹ ਵਿੱਚ ਪੰਜਾਬੀ ਦੀ ਪ੍ਰਧਾਨਤਾ ਹੈ। ਬਾਰਾਂਮਾਹ ਮਾਝ ਦਾ ਵਿਸ਼ਾ ਅਧਿਆਤਮਕ ਹੈ। ਗੁਰੂ ਅਰਜਨ ਸਾਹਿਬ ਜੀ ਨੇ ਉਪਦੇਸ਼ਾਤਮਕ ਆਸ਼ੇ ਨੂੰ ਇਸ ਵਿੱਚ ਮੁੱਖ ਰੱਖਿਆ ਹੈ।

ਬਾਵਨ ਅੱਖਰੀ:-

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਇਹ ਬਾਣੀ 'ਦੇਵ ਨਾਗਰੀ' ਲਿਪੀ ਦੀ ਵਰਣਮਾਲ ਦੇ ਅੱਖਰਾਂ ਦੇ ਆਧਾਰ ਤੇ 'ਆਦਿ ਗ੍ਰੰਥ' ਦੇ 'ਗਉੜੀ' ਰਾਗ ਵਿੱਚ ਅੰਗ 250 ਤੋਂ 262 ਤੇ ਅੰਕਿਤ ਹੈ। ਇਸ ਬਾਣੀ ਦੀਆਂ 55 ਪਉੜੀਆਂ ਹਨ ਤੇ ਹਰ ਇੱਕ ਪਉੜੀ ਨਾਲ ਇੱਕ ਸਲੋਕ ਅੰਕਿਤ ਹੈ।

ਵਾਰਾਂ:-

ਗੁਰਬਾਣੀ ਵਿੱਚ ਅਧਿਆਤਮਿਕ ਵਾਰਾਂ ਦਾ ਚਿਤਰਣ ਮਿਲਦਾ ਹੈ। ਗੁਰੂ ਨਾਨਕ ਸਾਹਿਬ ਤੋਂ ਹੀ ਇਹਨਾਂ ਦੀ ਰਚਨਾ ਹੋਣੀ ਸ਼ੁਰੂ ਹੋ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ 22 ਅਧਿਆਤਮਿਕ ਵਾਰਾਂ ਦਰਜ ਹਨ। ਅਸਲ ਵਿੱਚ ਗੁਰੂ ਸਾਹਿਬਾਨ ਨੇ ਇਸ ਲੋਕ-ਕਾਵਿ ਰੂਪ ਵਿੱਚ ਬਾਣੀ ਦੀ ਰਚਨਾ ਕਰਕੇ ਸਮੁੱਚੀ ਲੋਕਾਈ ਨੂੰ ਇੱਕ ਸਾਂਝਾਂ ਸੰਦੇਸ਼ ਦੇਣ ਦਾ ਉਪਰਾਲਾ ਕੀਤਾ। ਗੁਰੂ ਅਰਜਨ ਸਾਹਿਬ ਨੇ ਵੀ ਹੋਰ ਬਾਣੀ ਦੇ ਨਾਲ-ਨਾਲ ਛੇ ਵਾਰਾਂ ਦੀ ਰਚਨਾ ਵੀ ਕੀਤੀ, ਜਿਸ ਵਿੱਚ ਉਹਨਾਂ ਪਰਮਾਤਮਾ ਦੀ ਸਿਫ਼ਤ ਸਲਾਹ ਤੇ ਪੂਰਨ ਗੁਰਸਿੱਖ ਦੀ ਪਰਿਭਾਸ਼ਾ ਦਰਸਾਉਣ ਦਾ ਵਡੇਰਾ ਯਤਨ ਕੀਤਾ। ਗੁਰੂ ਸਾਹਿਬ ਦੁਆਰਾ ਰਚਿਤ ਇਹਨਾਂ ਛੇ ਵਾਰਾਂ ਦਾ ਵੇਰਵਾ ਸਾਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਰਾਗਾਂ ਅਧੀਨ ਮਿਲਦਾ ਹੈ। ਉਹਨਾਂ ਨੇ ਰਾਗ ਗਉੜੀ, ਰਾਗ ਗੁਜਰੀ, ਰਾਗ ਜੈਤਸਰੀ, ਰਾਗ ਰਾਮਕਲੀ, ਰਾਮ ਮਾਰੂ, ਅਤੇ ਰਾਗ ਬਸੰਤ ਵਿੱਚ ਬਾਣੀ ਰਚੀ। ਆਪ ਜੀ ਦੀਆਂ ਵਾਰਾਂ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਜਿੱਥੇ ਬਾਕੀ ਗੁਰੂ ਸਾਹਿਬਾਨਾਂ ਦੀਆਂ ਵਾਰਾਂ ਵਿੱਚ ਸ਼ਾਮਲ ਸ਼ਲੋਕ ਉਹਨਾਂ ਦੇ ਆਪਣੇ ਵੀ ਹਨ ਅਤੇ ਦੂਸਰੇ ਗੁਰੂਆਂ ਦੇ ਵੀ ਸ਼ਲੋਕ ਹਨ। ਉਥੇ ਗੁਰੂ ਅਰਜਨ ਸਾਹਿਬ ਜੀ ਦੀਆਂ ਵਾਰਾਂ ਦੇ ਸ਼ਲੋਕ ਆਪਣੇ ਹੀ ਹਨ।

ਡਖਣੇ:-

ਲਹਿੰਦੀ ਬੋਲੀ ਭਾਵ ਮੁਲਤਾਨ, ਸਾਹੀਵਾਲ ਦੇ ਇਲਾਕੇ ਦੀ ਬੋਲੀ ਵਿੱਚ ਲਿਖਿਆ ਸਲੋਕ 'ਡੱਖਣਾ' ਕਹਾਉਂਦਾ ਹੈ। ਇਸ ਵਿੱਚ ਵਧੇਰੇ ਕਰ ਕੇ 'ਦ' ਦੀ ਥਾਂ 'ਡ' ਵਰਤਿਆ ਜਾਂਦਾ ਹੈ। ਗੁਰੂ ਅਰਜਨ ਸਾਹਿਬ ਨੇ ਮਾਰੂ ਰਾਗ ਵਿੱਚ 'ਡਖਣੇ' ਸਿਰਲੇਖ ਹੇਠ ਉਚਾਰਨ ਕੀਤੇ ਜੋ ਕਿ ਇਸੇ ਰਾਗ ਦੀ ਵਾਰ ਨਾਲ ਜੋੜ ਦਿੱਤੇ ਗਏ ਹਨ। ਸਿਰੀ ਰਾਗ ਦੇ ਛੰਤਾਂ ਨਾਲ ਵੀ ਪੰਜ ਸ਼ਬਦ 'ਡਖਣੇ' ਸਲੋਕਾਂ ਦੇ ਰੂਪ ਵਿੱਚ ਅੰਕਿਤ ਕੀਤੇ ਹੋਏ ਮਿਲਦੇ ਹਨ।

ਥਿਤੀ:-

ਦੇਸੀ ਤਿਥੀਆਂ ਦੇ ਅਧਾਰ ਤੇ ਲਿਖੀ ਕਾਵਿ-ਰਚਨਾ 'ਥਿਤੀ' ਕਹਾਉਂਦੀ ਹੈ। ਗੁਰੂ ਅਰਜਨ ਦੇਵ ਜੀ ਦੀ ਥਿਤੀ ਬਾਣੀ 17 ਪਉੜੀਆਂ ਵਿੱਚ ਸਲੋਕਾਂ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 296-300 ਤੱਕ ਦਰਜ ਹੈ। ਇਸ ਬਾਣੀ ਰਚਨਾ ਦਾ ਕੇਂਦਰੀ ਭਾਵ ਸਾਧਸੰਗਤਿ ਵਿਚ ਮਿਲਕੇ ਹਰ ਪਲ ਪਰਮਾਤਮਾ ਦਾ ਜਸ ਹਰ ਰੋਜ਼ ਗਾਇਨ ਕਰਨ ਦੀ ਤਾਕੀਦ ਕੀਤੀ ਗਈ ਹੈ।

ਗੁਰਮਤਿ ਕਾਵਿ ਧਾਰਾ ਵਿੱਚ ਜਿੱਥੇ ਗੁਰੂ ਅਰਜਨ ਸਾਹਿਬ ਜੀ ਨੇ ਪੰਜਾਬੀ ਸਾਹਿਤ ਦੀ ਝੋਲੀ ਵੱਡਮੁੱਲੀ ਸੇਵਾ ਦਿੱਤੀ ਉੱਥੇ ਆਪਣੇ ਗੁਰੂ ਕਾਲ ਦੌਰਾਨ ਕਈ ਅਸਥਾਨ ਹਰਿਮੰਦਰ ਸਾਹਿਬ ਦੀ ਉਸਾਰੀ, ਤਰਨਤਾਰਨ ਸ਼ਹਿਰ ਦੇ ਸਥਾਪਨਾ, ਕਰਤਾਰਪੁਰ ਤੇ ਹਰਗੋਬਿੰਦਪੁਰ ਦੇ ਨੀਂਹ, ਲਹੌਰ ਵਿੱਚ ਬਾਉਲੀ ਦਾ ਨਿਰਮਾਣ, ਛੇਹਰਟਾ ਸਾਹਿਬ ਆਦਿ ਵੀ ਬਣਾਏ ਜੋ ਕਿ ਸਮਾਜਿਕ ਤੇ ਰਾਜਨੀਤਕ ਪੱਖ ਤੋਂ ਸਿੱਖੀ ਦੇ ਵਿਕਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦੇ ਹਨ।

ਜਿਵੇਂ ਜਿਵੇਂ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੇ ਉਹਨਾਂ ਦੇ ਯਤਨਾਂ ਸਦਕਾ ਸਿੱਖ ਧਰਮ ਦਾ ਵਿਕਾਸ ਹੋ ਰਿਹਾ ਸੀ, ਉਵੇਂ-ਉਵੇਂ ਆਲ਼ੇ-ਦੁਆਲ਼ੇ ਵਿਰੋਧ ਕਰਨ ਵਾਲੀਆਂ ਧਿਰਾਂ ਵੀ ਖੜ੍ਹੀਆਂ ਹੋ ਰਹੀਆਂ ਸਨ,ਜਿੰਨ੍ਹਾਂ ਵਿੱਚ ਪ੍ਰਿਥੀਏ ਦਾ ਗੁਰਗੱਦੀ ਨੂੰ ਲੈਕੇ ਵਿਰੋਧ, ਕੁੱਝ ਕੁ ਕੱਟੜ ਮੁਸਲਮਾਨਾਂ ( ਸ਼ੇਖ ਫੈਜ਼ੀ ਸਰਹਿੰਦੀ) ਦਾ ਵਿਰੋਧ,ਬ੍ਰਾਹਮਣਾਂ ਦਾ ਵਿਰੋਧ, ਲਹੌਰ ਦੇ ਦੀਵਾਨ ਚੰਦੂ ਸ਼ਾਹ ਦਾ ਵਿਰੋਧ ਤੇ ਸਭ ਤੋਂ ਵੱਡੀ ਜਹਾਂਗੀਰ ਦੀ ਕੱਟੜਤਾ ਸੀ। ਅਖੀਰ ਜਹਾਂਗੀਰ ਦੇ ਪੁੱਤਰ ਖੁਸਰੋ ਦੀ ਮਦਦ ਕਰਨ ਦੇ ਦੋਸ ਵਿੱਚ ਗੁਰੂ ਸਾਹਿਬ ਜੀ ਨੂੰ ਗਿਰਫ਼ਤਾਰ ਕਰਕੇ ਅਣਮਨੁੱਖੀ ਤਸੀਹੇ ਦਿੰਦਿਆਂ 30 ਮਈ 1606 ਈ ਵਿੱਚ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਸਿੱਖ ਧਰਮ ਵਿੱਚ ਇੱਥੋਂ ਸ਼ਹਾਦਤਾਂ ਦੀ ਸ਼ੁਰੂਆਤ ਹੁੰਦੀ ਹੈ, ਇਹੋ 'ਸ਼ਹਾਦਤ' ਅੱਗੇ ਮੀਰੀ-ਪੀਰੀ ਦਾ ਸਿਧਾਂਤ ਬਖ਼ਸ਼ਦੀ ਹੋਈ ਖਾਲਸੇ ਰਾਜ ਨੂੰ ਜਨਮ ਦਿੰਦੀ ਹੋਈ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ ਦੇ ਮੈਦਾਨ ਤੋਰਦੀ ਹੈ ਤੇ ਛੋਟੇ ਸਾਹਿਬਜ਼ਾਦਿਆਂ ਨੀਂਹਾਂ ਵਿੱਚ ਖੜ੍ਹਨ ਦਾ ਹੌਂਸਲਾ ਬਖ਼ਸ਼ਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh, Komal Matharu
Photographer: Kanwaljit Singh Kanwal
Distributer: Bhupinder Dhillon
Marketing: Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵਿਅੰਗ: ਦੁਖੜਾ ਚੋਣ ਹਾਰੇ ਭਾਈ ਸਾਹਿਬ ਦਾ

-ਅਭਿਸ਼ੇਕ ਅਵਸਥੀ

ਭਾਈ ਸਾਹਿਬ ਦੇ ਦਫਤਰ ਵਿੱਚ ਸੰਨਾਟਾ ਪਸਰਿਆ ਹੋਇਆ ਹੈ। ਜਿਸ ਦਫਤਰ ਵਿੱਚ ਕੱਲ੍ਹ ਤੱਕ ਪੂਰੀ ਚਹਿਲ-ਪਹਿਲ ਸੀ, ਉਥੇ ਅੱਜ ਸ਼ਮਸ਼ਾਨ ਜਿਹੀ ਸ਼ਾਂਤੀ ਪੱਸਰੀ ਹੋਈ ਸੀ। ਵੋਟਰਾਂ, ਸੂਟਰਾਂ ਅਤੇ ਹੂਟਰਾਂ ਦੀ ਜਗ੍ਹਾ ਬੱਸ ਕਬੂਤਰਾਂ ਦਾ 'ਹਾਰਰ ਸਾਊਂਡ ਟ੍ਰੈਕ' ਬਚਿਆ ਸੀ। ਭਾਈ ਸਾਹਿਬ ਦੇ ਦਫਤਰ ਤੋਂ ਘਰ ਤੱਕ ਬੱਸ ਸੰਨਾਟਾ ਹੀ ਹੈ। ਇਹ ਸਭ ਮੇਰੇ ਤੋਂ ਦੇਖਿਆ ਨਹੀਂ ਜਾ ਰਿਹਾ ਸੀ।ਮੈਂ ਖੁਦ ਨੂੰ ਭਾਈ ਸਾਹਿਬ ਦਾ ਪਰਮ ਮਿੱਤਰ ਨਾ ਸਹੀ, ਪਰ ਸਕਾ ਮਿੱਤਰ ਜ਼ਰੂਰ ਮੰਨਦਾ ਹਾਂ। ਇਸੇ ਸਕੇਪਣ ਦੀ ਪਰੰਪਰਾ ਦਾ ਗੁਜ਼ਾਰਾ ਕਰਦੇ ਹੋਏ ਮੈਂ ਉਨ੍ਹਾਂ ਨੂੰ ਇਸ ਵਾਰ ਵੋਟ ਨਾ ਦਿੱਤਾ, ਪਰ ਵੋਟ ਨਾ ਦੇਣਾ ਵੱਖਰੀ ਗੱਲ ਹੈ। ਮਿੱਤਰ ਨੂੰ ਸਹਾਰਾ ਦੇਣਾ ਵੱਖਰੀ ਗੱਲ ਹੈ। ਮਿੱਤਰਪੁਣੇ ਦੇ ਚਲਦੇ ਭਾਈ ਸਾਹਿਬ ਦੇ ਦਫਤਰ ਦਾ ਇਹ ਸੰਨਾਟਾ ਮੇਰੇ ਤੋਂ ਬਰਦਾਸ਼ਤ ਨਹੀਂ ਹੋਇਆ। ਚਲਾ ਗਿਆ ਉਨ੍ਹਾਂ ਦੇ ਘਰ ਵੱਲ।

ਘਰ ਵੀ ਦਫਤਰ ਵਰਗਾ ਮਾਹੌਲ ਸੀ। ਨਾ ਦਰਬਾਨ, ਨਾ ਦੀਵਾਨ। ਹੋਰ ਤਾਂ ਹੋਰ ਪਰਵਾਰ ਦੇ ਨਿੱਜੀ ਲੋਕ ਲਾਪਤਾ। ਖੈਰ, ਮੈਂ ਵੀ ਭਾਈ ਸਾਹਿਬ ਦੇ ਡਰਾਇੰਗ ਰੂਮ ਵਿੱਚ ਦਾਖਲ ਹੋਇਆ। ਹਮੇਸ਼ਾ ਵਾਂਗ ਮੈਂ ਉਨ੍ਹਾਂ ਦੀ ਬੇਰੁਖੀ ਦਾ ਸ਼ਿਕਾਰ ਹੋਇਆ। ਮੇਰਾ ਦਾਖਲ ਹੋਣਾ ਸਿਰੇ ਤੋਂ ਰੱਦ ਹੋਇਆ। ਮੈਂ ਤਾਂ ਸੀ ਗਾ ਚਿਕਨਾ ਘੜਾ। ਜੋ ਥੋੜ੍ਹੀ ਜਿਹੀ ਸਿਆਸਤ ਜਾਣਦਾ ਹੈ, ਉਹ ਚਿਕਨਾ ਘਰ ਹੋ ਜਾਂਦਾ ਹੈ। ਗਲ ਵਿੱਚ ਫਿੱਟ ਸਪੀਕਰ ਦਾ ਵਾਲਿਊਮ ਵਧਾ ਕੇ ਮੈਂ ਕਿਹਾ, "ਹੈਪੀ ਹੋਲੀ ਭਾਈ ਸਾਹਿਬ।" ਗਾਲ੍ਹਾਂ ਦੇ ਭਿਆਨਕ ਰੰਗ ਛੱਡਣ ਵਾਲੀ ਭਾਈ ਸਾਹਿਬ ਦੀ ਜ਼ੁਬਾਨ ਦੀ ਪਿਚਕਾਰੀ ਅੱਜ ਬੇਰੰਗ ਸੀ। ਮੂੰਹ ਵਿੱਚ ਪਾਨ ਦੀ ਜਗ੍ਹਾ ਸੰਨਾਟਾ ਸੀ। ਇਸ ਵਾਰ ਮੈਂ ਉਨ੍ਹਾਂ ਦਾ ਮੋਢਾ ਹਿਲਾ ਕੇ ਚੀਕਿਆ, "ਭਾਈ ਸਾਹਿਬ, ਹੋਲੀ ਮੁਬਾਰਕ..."

ਇਸ ਲਈ ਹੋਸ਼ ਵਿੱਚ ਆਏ ਅਤੇ ਆਉਂਦੇ ਹੀ ਰੋਣਹਾਕੇ ਹੋ ਗਏ। ਆਦਮੀ ਨੂੰ ਜਦੋਂ ਹੋਸ਼ ਆਉਂਦਾ ਹੈ ਤਾਂ ਉਹ ਨਤੀਜਿਆਂ ਉੱਤੇ ਰੋਂਦਾ ਹੈ। ਕਦੇ ਅੰਗਾਰੇ ਵਰ੍ਹਾਉਣ ਵਾਲੀਆਂ ਉਨ੍ਹਾਂ ਦੀਆਂ ਅੱਖਾਂ ਤੋਂ ਅੱਜ ਟਿਪ-ਟਿਪ ਪਾਣੀ ਬਰਸ ਰਿਹਾ ਸੀ। ਲਗਭਗ ਰੋਂਦੇ ਹੋਏ ਬੋਲੇ, "ਕਾਹਦੀ ਹੋਲੀ, ਕਾਹਲੀ ਮੁਬਾਰਕ?"

ਮੈਂ ਕਿਹਾ, "ਭਾਈ ਸਾਹਿਬ, ਇੰਨੀ ਉਦਾਸੀ ਚੰਗੀ ਨਹੀਂ, ਚੋਣਾਂ ਹੀ ਤਾਂ ਸੀ। ਦੁਬਾਰਾ ਆਉਣਗੀਆਂ। ਆਪਣੇ ਇੱਥੇ ਜਿਵੇਂ ਚੋਣਾਂ ਚਲਦੀਆਂ ਹਨ, ਉਂਝ ਚੋਣਾਂ ਵਿੱਚ ਹਾਰ-ਜਿੱਤ ਵੀ ਚੱਲਦੀ ਰਹਿੰਦੀ ਹੈ। ਇੱਥੇ ਨਹੀਂ ਤਾਂ ਕਿਤੇ ਹੋਰ ਤੋਂ ਦਾਅ ਮਾਰੋਗੇ। ਉਂਝ ਵੀ ਤੁਸੀਂ ਉਚੀਆਂ ਚੀਜ਼ਾਂ ਲਈ ਬਣੇ ਹੋ। ਹਾਂ, ਪਰ ਚਿੰਤਨ ਜ਼ਰੂਰੀ ਹੈ।"

ਉਹ ਬੋਲੇ, "ਭਾਈ, ਮਨ-ਧਨ-ਤਨ ਸਭ ਲਾ ਦਿੱਤਾ, ਚੋਣਾਂ ਵਿੱਚਅੱਗੋਂ ਕਾਹਦਾ ਚਿੰਤਨ?"

ਮੈਂ ਵਿਚਾਰਾਂ ਨਾਲ ਭਰੀ ਆਪਣੇ ਗਿਆਨ ਦੀ ਪਿਚਕਾਰੀ ਭਾਈ ਸਾਹਿਬ ਉੱਤੇ ਮਾਰਦੇ ਹੋਏ ਕਿਹਾ, "ਚਿੰਤਨ ਇਸ ਗੱਲਦਾ ਕਿ ਤੁਹਾਡੀ ਹਾਰ ਹੋਈ ਕਿਵੇਂ? ਉਪਰ ਵਾਲੇ ਦੀ ਕ੍ਰਿਪਾ ਨਾਲ ਸਭ ਕੁਝ ਰਿਹਾ ਹੈ ਤੁਹਾਡੇ ਕੋਲ। ਦਰਜਨਾਂ, ਮਕਾਨ, ਦੁਕਾਨ, ਹਥਿਆਈ ਹੋਈ ਕਰੋੜਾਂ ਦੀ ਜ਼ਮੀਨ. ਪੈਟਰੋਲ ਪੰਪ, ਗੈਸ ਏਜੰਸੀ, ਸਰਕਾਰੀ ਪ੍ਰੋਜੈਕਟਾਂ, ਚੇਲੇ-ਚਪਾਟੇ ਸਭ। ਏ ਟੂ ਜੈਡ ਸਭ। ਹੋਰ ਤਾਂ ਹੋਰ, ਤੁਹਾਡੇ ਕੋਲ ਬੇਰੋਜ਼ਗਾਰ ਬਾਹੂਬਲੀਆਂ ਦੀ ਫੌਜ ਵੀ ਹੈ, ਜੋ ਇੱਕ ਇਸ਼ਾਰੇ ਉੱਤੇ ਕਿਸੇ ਉੱਤੇ ਵੀ ਹਮਲਾ ਕਰ ਕੇ ਤੁਹਾਡਾ ਨਾਂਅ ਬੁਲੰਦ ਕਰਦੀ ਹੈ। ਮਸਲਾ ਇਹੀ ਹੈ ਕਿ ਤੁਸੀਂ ਹਾਰੇ ਕਿਵੇਂ?"

ਇਹ ਸੁਣਦੇ ਹੀ ਭਾਈ ਸਾਹਿਬ ਦੇ ਹੰਝੂ ਝਰਨੇ ਦੀ ਤਰ੍ਹਾਂ ਵਗਣ ਲੱਗੇ। ਕੋਈ ਕਹਿੰਦਾ ਹੈ ਤਾਂ ਕਹਿੰਦਾ ਰਹੇ, ਪਰ ਉਨ੍ਹਾਂ ਨੂੰ ਰੋਂਦਾ ਦੇਖ ਕੇ ਮੇਰਾ ਸ਼ੱਕ ਯਕੀਨ ਵਿੱਚ ਬਦਲ ਗਿਆ ਕਿ ਮਗਰਮੱਛ ਕਦੇ-ਕਦੇ ਸੱਚਮੁੱਚ ਰੋਂਦਾ ਹੈ। ਤਸੱਲੀ ਨਾਲ ਰੋ ਲੈਣ ਤੋਂ ਬਾਅਦ ਉਹ ਸੰਭਲੇ। ਭਾਰੀ ਮਨ ਨਾਲ ਬੋਲੇ, "ਕਿੱਥੇ ਰਿਹਾ ਸਭ ਕੁਝ। ਇਹੀ ਸਦਮਾ ਹੈ। ਅੱਧੀ ਦੌਲਤ ਟਿਕਟ ਦੇ ਜੁਗਾੜ ਵਿੱਚ ਨਿਕਲ ਗਈ ਤੇ ਬਾਕੀ ਚੋਣਾਂ ਵਿੱਚ ਚੱਲ ਵੱਸੀ। ਇਸ ਵਾਰ ਉਮੀਦਵਾਰਾਂ ਵਾਲਾ ਹਲਫਨਾਮਾ ਵੀ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ, ਜਦੋਂ ਮੈਂ ਉਸ ਵਿੱਚ ਚੱਲ-ਅਚੱਲ ਜਾਇਦਾਦ ਦਾ ਬਿਊਰਾ ਲਿਖਿਆ। ਜਿਸ ਦੀ ਜ਼ਮੀਨ ਵਿੱਚ ਕਬਜ਼ਾ ਦੇ ਆਲੀਸ਼ਾਨ ਦਫਤਰ ਬਣਾਇਆ ਸੀ, ਉਸ ਦੇ ਖੰਭ ਨਿਕਲ ਆਏ। ਜ਼ਮੀਨ ਵਾਪਸ ਮੰਗਦਾ ਹੈ।"

ਮੈਂ ਕਿਹਾ, "ਓ! ਬੁਰਾ ਹੋਇਆ, ਪਰ ਕੋਈ ਗੱਲ ਨਹੀਂ। ਦਫਤਰ ਉਂਝ ਵੀ ਉਦੋਂ ਕੰਮ ਦਾ ਹੁੰਦਾ ਹੈ, ਜਦੋਂ ਉਸ ਵਿੱਚ ਕੋਈ ਕਰਨ ਵਾਲਾ ਹੋਵੇ ਅਤੇ ਤੁਹਾਨੂੰ ਤਾਂ ਪਤਾ ਹੀ ਹੈ ਕਿ ਤੁਸੀਂ..."

ਭਾਈ ਸਾਹਿਬ ਚੀਕੇ, "ਕੀ ਬਕਦੈਂ ਏਂ?" ਉਂਝ ਉਨ੍ਹਾਂ ਦੇ ਕੋਲ ਅਜਿਹਾ ਕੁਝ ਵੀ ਨਹੀਂ ਸੀ ਜਿਸ ਦਾ ਵਜ੍ਹਾ ਨਾਲ ਕੋਈ ਡਰੇ। ਫਿਰ ਵੀ ਉਨ੍ਹਾਂ ਦੇ ਅਹਿਮ ਦੀ ਸੰਤੁਸ਼ਟੀ ਲਈ ਮੈਂ ਸਹਿਮ ਜਾਣ ਦੀ ਐਕਟਿੰਗ ਕੀਤੀ ਅਤੇ ਕਿਹਾ, "ਮੇਰਾ ਮਤਲਬ ਹੈ ਕਿ ਤੁਹਾਡੇ ਵਰਗੇ ਜ਼ਮੀਨੀ ਅਤੇ ਧਰਤੀ ਨਾਲ ਜੁੜੇ ਹੋਏ ਨੇਤਾ ਨੂੰ ਕਿਸੇ ਦਫਤਰ ਦੀ ਲੋੜ ਹੀ ਨਹੀਂ। ਤੁਸੀਂ ਖੁਦਹੀ ਇੱਕ ਦਫਤਰ ਹੋ। ਇਸ ਵਾਰ ਕੋਸ਼ਿਸ਼ ਕਰੋ ਕਿ ਜ਼ਮੀਨ ਉੱਤੇ ਕੁਝ ਕੰਮ ਕੀਤੇ ਜਾਣ।"

ਉਹ ਕਹਿਣ ਲੱਗੇ, "ਭਾਈ, ਕੰਮ ਤਾਂ ਜ਼ਮੀਨ ਉੱਤੇ ਹੀ ਕਰ ਰਹੇ ਸੀ ਨਾ। ਤੁਹਾਨੂੰ ਪਤਾ ਹੈ ਕਿ ਕਿੰਨੀਆਂ ਜ਼ਮੀਨਾਂ ਹੜੱਪੀਆਂ ਸਨ ਪਿਛਲੀਆਂ ਚੋਣਾਂ ਤੋਂ ਬਾਅਦ। ਅਜਿਹੀਆਂ ਹੀ ਜ਼ਮੀਨਾਂ ਉੱਤੇ ਮੈਂ ਕਿੰਨਾ ਵਿਕਾਸ ਦਾ ਕੰਮ ਕਰਵਾਇਆ ਹੈ। ਬੰਗਲੇ, ਦਫਤਰ, ਮਲਟੀਪਲੈਕਸ ਆਦਿ ਬਣਵਾਏ।"

ਮੈਂ ਕਿਹਾ, "ਮੇਰਾ ਮਤਲਬ ਇਹ ਹੈ ਕਿ ਦਫਤਰ ਦੇ ਚੱਕਰ ਵਿੱਚ ਨਾ ਪਓ। ਦਫਤਰ ਨਾਲ ਠਹਿਰਾਅ ਆਉਂਦਾ ਹੈ। ਤੁਸੀਂ ਪਾਣੀ ਬਰਾਬਰ ਹੋ, ਜਿਸ ਨੇ ਲਗਾਤਾਰ ਵਗਣਾ ਹੈ। ਰੁਕ ਗਏ ਤਾਂ ਸਮਝੋ ਕਿ ਝੁਕ ਗਏ। ਸਮੇਂ ਦੀ ਮੰਗ ਹੈ ਕਿ ਤੁਸੀਂ 'ਦਫਤਰ-ਲੈਸ' ਹੋ। ਲਗਾਤਾਰ ਵਗੋ।"

ਭਾਈ ਸਾਹਿਬ ਕਿਸੇ ਅੰਧ-ਭਗਤ ਵਾਂਗ ਮੇਰਾ ਪ੍ਰਵਚਨ ਅੱਖਾਂ ਪਾੜ-ਪਾੜ ਸੁਣ ਰਹੇ ਸੀ। ਉਨ੍ਹਾਂ ਦੀਆਂ ਅੱਖਾਂ ਫਿਰ ਡਬਡਬਾ ਆਈਆਂ। ਬੋਲੇ, "ਦੇਖੋ ਮੈਂ ਆਪਣੇ ਦਫਤਰ ਤੇ ਘਰ ਦਾ ਇੱਕੋ ਜਿਹਾ ਵਿਕਾਸ ਕਰਵਾਇਆ ਹੈ, ਤਾਂ ਕਿ ਜਨਤਾ ਨੂੰ ਇੱਕ ਕੂਲ ਦਫਤਰ ਮਿਲੇ। ਕੰਮ ਹੋਵੇ ਜਾਂ ਨਾ, ਉਥੇ ਬੈਠਕਾਂ ਜ਼ਰੂਰ ਹੁੰਦੀਆਂ ਰਹਿਣ। ਜੋ ਵੀ ਆਏ, ਬੱਸ ਉਥੋਂ ਦਾ ਹੋ ਜਾਏ। ਮਤਲਬ ਮੇਰਾ ਵੋਟਰ ਹੋ ਜਾਏ।"

"ਕੀ ਹੋਇਆ? ਵੋਟ ਮਿਲੇ? ਨਹੀਂ ਨਾ। ਇਸ ਲਈ ਦਫਤਰ ਦਾ ਨਾ ਹੋਣਾ ਹੀ ਬਿਹਤਰ ਹੈ। ਮੇਰੀ ਮੰਨੋ ਇੱਕ ਵਾਰ ਫਿਰ ਗਰੀਬੀ ਦਾ ਡਰਾਮਾ ਕਰੀਏ। ਨੇਤਾ ਦਾ ਅਭਿਨੇਤਾ ਹੋਣਾ ਬਹੁਤ ਜ਼ਰੂਰੀ ਹੈ। ਆਪਣੇ ਝੂਠ-ਫਰੇਬ ਦਾ ਪ੍ਰਚਾਰ-ਪ੍ਰਸਾਰ ਇੰਨਾ ਕਰੋ ਕਿ ਜਨਤਾ ਉਸ ਨੂੰ ਹੀ ਅੰਤਿਮ ਸੱਚ ਮੰਨੇ। ਤੁਸੀਂ ਇਹ ਟਰਿੱਕ ਸੋਸ਼ਲ ਮੀਡੀਆ ਤੋਂ ਸਿੱਖੋ...।"

ਭਾਈ ਸਾਹਿਬ ਇਹ ਸਭ ਸੁਣ ਕੇ ਹੰਝੂ ਪੂੰਝਣ ਲੱਗੇ। ਮੈਂ ਟੋਕਦੇ ਹੋਏ ਕਿਹਾ, "ਇਹ ਗਜ਼ਬ ਨਾ ਕਰੋ ਸਾਹਿਬ। ਰਾਜਨੀਤੀ ਦੇ ਬਾਜ਼ਾਰ ਵਿੱਚ ਨੇਤਾ ਦੇ ਹੰਝੂਆਂ ਦੀ ਵੱਡੀ ਕੀਮਤ ਲੱਗਦੀ ਹੈ। ਹੰਝੂ ਝੂਠੇ ਹੋਣ ਤਾਂ ਹੋਰ ਵੀ ਚੰਗਾ। ਇਹ ਹੰਝੂ ਹੀ ਤਾਂ ਪਾਰਲੀਮੈਂਟ ਤੋਂ ਸੜਕ ਤੱਕ ਜਨਤਾ ਨੂੰ ਮੂਰਖ ਬਣਾ ਦਿੰਦੇ ਹਨ। ਇਸ ਲਈ ਜਦੋਂ ਤੱਕ ਚੋਣਾਂ ਵਿੱਚ ਜਿੱਤ ਨਹੀਂ, ਉਦੋਂ ਤੱਕ ਹੰਝੂਆਂ ਉੱਤੇ ਰੋਕ ਨਹੀਂ। ਬਾਅਦ ਵਿੱਚ ਤੁਸੀਂ ਜਨਤਾ ਨੂੰ ਖੂਨ ਦੇ ਹੰਝੂ ਰੁਆ ਕੇ ਬਦਲਾ ਲੈ ਹੀ ਲਓਗੇ।"

ਭਾਈ ਸਾਹਿਬ ਇਮੋਸ਼ਨਲ ਹੋ ਉਠੇ। ਬਾਥਰੂਮ ਵਿੱਚ ਜਾ ਕੇ ਡੁਸਕਣ ਲੱਗੇ।

# ਕਿੰਝ ਰੋਕੀਏ ਬੱਚਿਆਂ ਵਿੱਚ ਵੱਧ ਰਿਹਾ ਚਿੜਚਿੜਾਪਣ



ਅੱਜ ਦੀ ਜੀਵਨ ਸ਼ੈਲੀ ਵਿੱਚ ਮਾਪੇ ਬੱਚਿਆਂ ਦੇ ਵਿਵਹਾਰ ਨੂੰ ਲੈ ਕੇ ਬਹੁਤ ਚਿੰਤਤ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਅਸੀਂ ਬਹੁਤ ਹੀ ਅਰਾਮਦਾਇਕ, ਸੁੱਖ ਸਹੂਲਤਾਂ ਨਾਲ ਲਬਰੇਜ਼ ਜ਼ਿੰਦਗੀ ਜਿਓ ਰਹੇ ਹਾਂ। ਅੱਜ ਉਹ ਸਮਾਂ ਨਹੀਂ ਕਿ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਲਈ ਇੱਕ ਮਿੱਥੇ ਤਿਥ ਤਿਉਹਾਰ ਦੀ ਉਡੀਕ ਕੀਤੀ ਜਾਵੇ, ਬਲਕਿ ਮਾਪੇ ਬੱਚੇ ਦੇ ਮੂੰਹ ਵਿਚੋਂ ਨਿਕਲੀ ਹਰ ਫਰਮਾਇਸ਼ ਨੂੰ ਉਸੇ ਸਮੇਂ ਪੂਰਿਆਂ ਕਰਨ ਦਾ ਯਤਨ ਕਰਦੇ ਹਨ। ਪਰ ਇਸ ਸੁੱਖ ਸਹੂਲਤਾਂ ਦੇ ਹੁੰਦਿਆਂ ਹੋਇਆਂ, ਐਸ਼ੋ ਅਰਾਮ ਦੇ ਵੱਧ ਸਾਧਨ ਹੁੰਦਿਆਂ ਹੋਇਆਂ ਵੀ ਅਕਸਰ ਦੇਖਿਆ ਗਿਆ ਹੈ ਕਿ ਬੱਚੇ ਬਹੁਤ ਜਲਦੀ ਚਿੜਚਿੜੇ ਹੋ ਜਾਂਦੇ ਹਨ। ਉਨ੍ਹਾਂ ਨੂੰ ਨਿੱਕੀ ਜਿਹੀ ਗੱਲ 'ਤੇ ਗੁੱਸਾ ਆ ਜਾਂਦਾ ਹੈ ਅਤੇ ਇਹ ਨਾਰਾਜ਼ਗੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਬੱਚਿਆਂ ਦੀ ਸ਼ਹਿਨਸ਼ੀਲਤਾ ਏਨੀ ਘੱਟ ਚੁੱਕੀ ਹੈ ਕਿ ਉਹ ਮਾਪਿਆਂ ਦੁਆਰਾ ਕਹੀ ਗੱਲ ਨੂੰ ਵੀ ਸਹਾਰਨ ਨੂੰ ਤਿਆਰ ਨਹੀਂ ਹਨ। ਅੱਜ ਬਹੁਤ ਸਾਰੇ ਮਾਪੇ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਉਹਨਾਂ ਦੇ ਬੱਚੇ ਉਹਨਾਂ ਦੀ ਇੱਕ ਗੱਲ ਨਹੀਂ ਸਹਾਰਦੇ, ਹਾਲਾਂਕਿ ਮਾਪਿਆਂ ਦੁਆਰਾ ਬੱਚਿਆਂ ਦੀ ਰੀਝਾਂ ਪੂਰੀਆਂ ਕਰਨ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਂਦੀ। ਇਸੇ ਚਿੜਚਿੜੇਪਣ ਕਰਕੇ ਬੱਚੇ ਨਾ ਤਾਂ ਚੰਗੇ ਦੋਸਤ ਬਣਾ ਸਕਦੇ ਹੁੰਦੇ ਹਨ ਅਤੇ ਨਾ ਹੀ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਅਤੇ ਸਾਕ ਸੰਬੰਧੀਆਂ ਨਾਲ ਜਿਆਦਾ ਖੁੱਲ੍ਹ ਪਾਉਂਦੇ ਹਨ। ਅਕਸਰ ਅਜਿਹੀ ਮਾਨਸਿਕਤਾ ਵਾਲੇ ਬੱਚੇ ਜਿਆਦਤਰ ਕ੍ਰੋਧਿਤ ਰਹਿੰਦੇ ਹਨ ਅਤੇ ਹੌਲੀ ਹੌਲੀ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਸੇ ਕਾਰਣ ਨਾ ਤਾਂ ਉਹ ਪੜਾਈ ਵਿੱਚ ਆਪਣਾ ਵਧੀਆ ਪ੍ਰਦਰਸ਼ਨ ਕਰ ਪਾਉਂਦੇ ਹਨ ਅਤੇ ਨਾ ਹੀ ਕਿਸੇ ਹੋਰ ਗਤੀਵਿਧੀਆਂ ਵਿੱਚ। ਅਜਿਹੇ ਬੱਚਿਆਂ ਨੂੰ ਲੱਗਦਾ ਹੁੰਦਾ ਹੈ ਕਿ ਜਿਹੜੀ ਚੀਜ਼ ਨੂੰ ਪਾਉਣ ਦੀ ਤਮੰਨਾ ਉਹਨਾਂ ਦੇ ਮਨ ਵਿੱਚ ਹੈ ਉਹ ਹਰ ਹੀਲੇ ਉਹਨਾਂ ਕੋਲ ਹੋਣੀ ਚਾਹੀਦੀ ਹੈ। ਅਜਿਹੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਫਿਰ ਲੋੜ ਤੋਂ ਵੱਧ ਹੁੰਦਾ ਹੈ, ਜਦੋਂ ਲੋੜ ਤੋਂ ਵੱਧ ਆਤਮ ਵਿਸ਼ਵਾਸ ਹੁੰਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਆਪਣਾ ਆਪ ਹਰ ਜਗ੍ਹਾ ਸਹੀ ਲੱਗਦਾ ਹੈ, ਅਤੇ ਕਿਸੇ ਹੋਰ ਦੀ ਗੱਲ ਸੁਣਨ ਜਾਂ ਮੰਨਣ ਤੋਂ ਬਿਲਕੁਲ ਮੁਨਕਰ ਹੁੰਦੇ ਹਨ, ਜੇਕਰ ਅਜਿਹੇ ਬੱਚਿਆਂ ਨੂੰ ਤਾੜਨਾ ਕੀਤੀ ਜਾਵੇ ਤਾਂ ਇਹਨਾਂ ਦਾ ਚਿੜਚਿੜਾਪਨ ਸਾਹਮਣੇ ਆਉਂਦਾ ਹੈ। ਇਹ ਉਹ ਕੁਝ ਗੱਲਾਂ ਹਨ ਜੋ ਆਮ ਹੀ ਘਰਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਪਰ ਹੁਣ ਸੋਚਣ ਵੀ ਗੱਲ ਇਹ ਹੈ ਕਿ ਇਸ ਚਿੜਚਿੜੇਪਣ ਦੇ ਕਾਰਣ ਕੀ ਹਨ, ਕੋਈ ਵੀ ਸੁਭਾਅ ਮਨੁੱਖ ਮਾਂ ਦੇ ਪੇਟ ਵਿੱਚੋਂ ਲੈਕੇ ਨਹੀਂ ਆਉਂਦਾ ਬਲਕਿ ਜਿਵੇਂ ਜਿਵੇਂ ਵੱਡਾ ਹੁੰਦਾ ਹੈ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਆਦਤਾਂ ਗ੍ਰਹਿਣ ਕਰਦਾ ਰਹਿੰਦਾ ਹੈ ਅਤੇ ਆਪਣੇ ਸੁਭਾਅ ਦਾ ਵਿਕਾਸ ਕਰਦਾ ਰਹਿੰਦਾ ਹੈ।

ਮੈਨੂੰ ਬੱਚਿਆਂ ਵਿੱਚ ਵੱਧ ਰਹੇ ਚਿੜਚਿੜੇਪਣ ਦਾ ਸਭ ਤੋਂ ਵੱਡਾ ਕਾਰਣ ਵੱਧ ਰਹੀ ਤਕਨੋਲੋਜੀ ਲੱਗਦਾ ਹੈ। ਅੱਜ ਤਕਰੀਬਨ ਹਰ ਦੱਸ ਬਾਰਾਂ ਸਾਲ ਦੇ ਬੱਚੇ ਕੋਲ ਆਪਣਾ ਸਮਾਰਟਫੋਨ ਹੈ ਜੇ ਆਪਣਾ ਨਹੀਂ ਤਾਂ ਉਹ ਆਪਣੇ ਮਾਪਿਆਂ ਦੇ ਫੋਨ ਦੀ ਪੂਰੀ ਵਰਤੋਂ ਕਰਦੇ ਹਨ। ਵੀਡੀਓ ਗੇਮਜ਼, ਸਮਾਰਟਫੋਨ ਤੇ ਹੋਰ ਤਕਨੀਕੀ ਸਾਧਨਾਂ ਨੇ ਬੱਚਿਆਂ ਦੇ ਸੁਭਾਅ ਵਿੱਚ ਬਹੁਤ ਤਬਦੀਲੀਆਂ ਕੀਤੀਆਂ ਹਨ। ਬੱਚਿਆਂ ਦੀ ਅੱਧੇ ਤੋਂ ਜਿਆਦਾ ਬੁੱਧੀ ਇਹਨਾਂ ਗੈਜਟਸ ਵਿੱਚ ਸਮਾ ਚੁੱਕੀ ਹੈ। ਲੰਬੇ ਸਮੇਂ ਤੱਕ ਫੋਨ ਦੇਖਦੇ ਰਹਿਣਾ ਉਹਨਾਂ ਨੂੰ ਚਿੜਚਿੜਾ ਬਣਾ ਦਿੰਦਾ ਹੈ, ਉਹ ਮਾਪਿਆਂ ਨਾਲ ਪਰਿਵਾਰ ਨਾਲ ਬੈਠਣ ਵਾਲੇ ਸਮੇਂ ਵਿੱਚ ਵੀ ਫੋਨ ਆਦਿ ਦੇਖਣ ਵਿੱਚ ਵਿਅਸਤ ਹੁੰਦੇ ਹਨ, ਆਪਸੀ ਰਾਬਤਾ ਟੁੱਟਣ ਕਾਰਣ ਬੱਚੇ ਵਿੱਚ ਚਿੜਚਿੜਾਪਣ ਵੱਧ ਰਿਹਾ ਹੈ। ਇਸ ਤੋਂ ਬਾਅਦ ਦੂਸਰਾ ਕਾਰਣ ਖਾਣੇ ਨੂੰ ਮੰਨਿਆ ਜਾ ਸਕਦਾ ਹੈ, ਜਿਹੜੇ ਬੱਚੇ ਵਧੇਰੇ ਤੇਲ ਭਰਭੂਰ ਜਾਂ ਬਾਹਰ ਦਾ ਖਾਣਾ ਖਾਂਦੇ ਹਨ ਉਹਨਾਂ ਵਿੱਚ ਗੁੱਸੇ ਜਾਂ ਚਿੜਚਿੜਾਪਣ ਵੱਧ ਵੇਖਣ ਨੂੰ ਮਿਲਦਾ ਹੈ। ਬਾਹਰੀ ਖਾਣੇ ਵਿੱਚ ਪਾਏ ਜਾਣ ਵਾਲੇ ਨਕਲੀ ਰੰਗ ਵੀ ਬੱਚੇ ਦੇ ਵਿਵਹਾਰ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਇੱਕ ਅਧਿਐਨ 1970 ਤੋਂ ਵੱਡੇ ਪੱਧਰ 'ਤੇ ਚੱਲ ਰਿਹਾ ਸੀ ਜਿਸ ਵਿੱਚ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਭੋਜਨ ਦੇ ਰੰਗ ਅਤੇ ਬੱਚਿਆਂ ਦੇ ਵਿਵਹਾਰ ਵਿੱਚ ਰਿਸ਼ਤਾ ਹੁੰਦਾ ਹੈ। ਪੀਡੀਆਟ੍ਰਿਕ ਐਂਡ ਐਨਵਾਇਰਮੈਂਟਲ ਹੈਲਥ ਸਾਇੰਸਜ਼ ਅਤੇ ਵਾਸ਼ਿੰਗਟਨ ਯੂਨੀਵਰਸਿਟੀ ਦੇ ਸੀਏਟਲ ਚਿਲਡਰਨਜ਼ ਰਿਸਰਚ ਇੰਸਟੀਚਿਊਟ ਦੀ ਪ੍ਰੋਫੈਸਰ ਡਾ. ਸ਼ੀਲਾ ਸੱਤਿਆਨਾਰਾਇਣ ਦੱਸਦੀ ਹੈ ਕਿ "ਨਕਲੀ ਰੰਗਾਂ ਵਾਲੀਆਂ ਭੋਜਨ ਵਸਤੂਆਂ ਵਿੱਚ ਐਡੀਟਿਵ ਤੇ ਵੱਡੀ ਮਾਤਰਾ ਵਿੱਚ ਖੰਡ ਹੁੰਦੀ ਹੈ, ਜੋ ਬੱਚਿਆਂ ਲਈ ਨੁਕਸਾਨਦੇਹ ਹੋ ਸਕਦੀ ਹੈ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ।

ਸੋ ਹੁਣ ਆਖਰੀ ਪੜਾਅ ਇਹ ਹੈ ਕਿ ਬੱਚਿਆਂ ਦੇ ਚਿੜਚਿੜੇਪਣ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਇਸ ਦਾ ਬਹੁਤ ਹੀ ਸਰਲ ਅਤੇ ਸਪੱਸ਼ਟ ਜਵਾਬ ਇਹ ਹੈ ਕਿ ਮਾਪੇ ਬੱਚਿਆਂ ਦੇ ਬਚਪਨ ਤੋਂ ਹੀ ਉਸਦੀਆਂ ਗਤੀਵਿਧੀਆਂ ਤੇ ਨਿਯੰਤਰਣ ਰੱਖਣ, ਬਚਪਨ ਤੋਂ ਬੱਚਿਆਂ ਦੇ ਮਾਪੇ ਬਣਨ ਦੀ ਜਗ੍ਹਾ ਉਹਨਾਂ ਦੇ ਸਹਿਯੋਗੀ ਬਣੋ, ਬਚਪਨ ਤੋਂ ਹੀ ਬੱਚਿਆਂ ਦੀ ਹਰ ਗਤੀਵਿਧੀ ਦਾ ਟਾਈਮ ਟੇਬਲ ਬਣਾਇਆ ਜਾਵੇ। ਉਹਨਾਂ ਦੇ ਹਰ ਕੰਮ ਨੂੰ ਨਿਸ਼ਚਿਤ ਸਮੇਂ ਵਿੱਚ ਹੀ ਪੂਰਿਆਂ ਕੀਤਾ ਜਾਵੇ। ਫੋਨ ਜਾਂ ਹੋਰ ਤਕਨੀਕੀ ਸਾਧਨਾਂ ਤੋਂ ਥੋੜਾ ਦੂਰ ਰੱਖਿਆ ਜਾਵੇ। ਤਾਜ਼ੇ ਵਾਤਾਵਰਣ ਵਿੱਚ ਬੱਚਿਆਂ ਨੂੰ ਲੈਕੇ ਜਾਇਆ ਜਾਵੇ, ਉਹਨਾਂ ਦੀ ਪਸੰਦ ਜਾਂ ਨਾਪਸੰਦ ਦਾ ਧਿਆਨ ਰੱਖਿਆ ਜਾਵੇ। ਜਿੰਨਾਂ ਹੋ ਸਕੇ ਬੱਚਿਆਂ ਨੂੰ ਘਰ ਦਾ ਬਣਿਆ ਹੋਇਆ ਤਾਜ਼ਾ ਖਾਣਾ ਖਵਾਇਆ ਜਾਵੇ। ਬਾਹਰੀ ਖਾਣੇ ਤੋਂ ਗੁਰੇਜ਼ ਕੀਤਾ ਜਾਵੇ। ਬੱਚੇ ਨੂੰ ਖੁਸ਼ ਰੱਖਣ ਲਈ ਉਸਨੂੰ ਤੋਹਫਿਆਂ ਤੇ ਨਿਰਭਰ ਨਾ ਕੀਤਾ ਜਾਵੇ ਬਲਕਿ ਬੱਚੇ ਨੂੰ ਆਪਣੇ ਮਾਪਿਆਂ ਜਾਂ ਆਪਣੇ ਆਪ ਵਿਚੋਂ ਖੁਸ਼ੀ ਲੱਭਣੀ ਸਿਖਾਈ ਜਾਵੇ। ਅਜਿਹੇ ਰਵੱਈਏ ਨੂੰ ਧਾਰਣ ਕਰਨ ਤੋਂ ਬਾਅਦ ਵੀ ਜੇਕਰ ਵਿਵਹਾਰ ਵਿੱਚ ਫ਼ਰਕ ਨਹੀਂ ਪੈਂਦਾ ਤਾਂ ਕਿਸੇ ਚੰਗੇ ਡਾਕਟਰ ਦੀ ਸਲਾਹ ਵੀ ਲਈ ਜਾ ਸਕਦੀ ਹੈ।ਇਸ ਤਰ੍ਹਾਂ ਦੀਆਂ ਕੁਝ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਚਿੜਚਿੜੇਪਣ ਵਿੱਚ ਉੱਲਝੇ ਬੱਚਿਆਂ ਦੇ ਜੀਵਨ ਨੂੰ ਸੁਲਝਾ ਸਕਦੇ ਹਾਂ ਅਤੇ ਆਪਣੇ ਅਤੇ ਬੱਚਿਆਂ ਦੇ ਜੀਵਨ ਵਿੱਚ ਰੌਸ਼ਨੀ ਫੈਲਾਅ ਸਕਦੇ ਹਾਂ।

ਹਰਕੀਰਤ ਕੌਰ
9779118066

# ਕਿਉਂਕਿ ਅਸੀਂ ਆਜ਼ਾਦ ਹਾਂ

-ਡਾਕਟਰ ਪਰਮਿੰਦਰ ਕੌਰ ਕਰਾਂਤੀ



ਬਹੁਤ ਸਾਲ ਦੀ ਗੁਲਾਮੀ ਤੇ ਲੰਬੇ ਸੰਘਰਸ਼ ਤੋਂ ਬਾਅਦ ਸਾਨੂੰ ਆਜ਼ਾਦੀ ਮਿਲੀ ਹੈ। ਦੇਸ਼ ਦੀ ਆਜ਼ਾਦੀ ਲਈ ਆਜ਼ਾਦੀ ਘੁਲਾਟੀਆਂ ਨੇ ਬਹੁਤ ਤਸੀਲੇ ਝੱਲੇ ਅਤੇ ਉਹ ਆਪਣੀਆਂ ਜਾਨਾਂ ਉੱਤੇ ਖੇਡੇ ਸਨ। ਉਨ੍ਹਾਂ ਦੀਆਂ ਇਹ ਕੁਰਬਾਨੀਆਂ ਅਜਾਈਂ ਨਹੀਂ ਗਈਆਂ ਅਤੇ ਉਨ੍ਹਾਂ ਦੀ ਬਦੌਲਤ ਹੀ ਸਾਨੂੰ ਸਾਡੇ ਹੱਕ ਅਤੇ ਅਧਿਕਾਰ ਮਿਲੇ ਅਤੇ ਅਸੀਂ ਆਜ਼ਾਦ ਭਾਰਤ ਦੇ ਆਜ਼ਾਦ ਨਾਗਰਿਕ ਬਣੇ। ਹਰ ਸਾਲ ਆਜ਼ਾਦੀ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਅਤੇ ਇਸ ਦੇਸ਼ ਦੀ ਸ਼ਾਨ ਦਾ ਪ੍ਰਤੀਕ ਤਿਰੰਗਾ ਲਹਿਰਾਇਆ ਜਾਂਦਾ ਹੈ। ਤਿਰੰਗੇ ਦਾ ਸਤਿਕਾਰ ਕਰਨਾ ਤੇ ਖੁਸ਼ੀਆਂ ਮਨਾਉਣੀਆਂ ਜ਼ਰੂਰੀ ਵੀ ਹਨ, ਕਿਉਂਕਿ ਇਹ ਦਿਨ ਸਾਡੇ ਲਈ ਮਾਣ ਵਾਲਾ ਹੈ। ਇਸੇ ਦਿਨ ਕਰ ਕੇ ਅਸੀਂ ਸਿਰ ਉਠਾ ਕੇ ਚੱਲਣ ਦੇ ਯੋਗ ਬਣੇ ਹਾਂ।

ਸਮੇਂ ਦੇ ਨਾਲ ਇਸ ਆਜ਼ਾਦੀ ਦੇ ਮਾਅਨੇ ਬਦਲਦੇ ਜਾ ਰਹੇ ਹਨ। ਅਸੀਂ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਹੋਣ ਅਤੇ ਮਨ-ਮਰਜੀਆਂ ਕਰਨ ਨੂੰ ਆਜ਼ਾਦੀ ਸਮਝਦੇ ਹਾਂ। ਅਸੀਂ ਆਪਣੇ ਅਧਿਕਾਰਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਾਂ, ਫਰਜ਼ਾਂ ਪ੍ਰਤੀ ਅੱਖਾਂ ਮੀਚ ਲੈਂਦੇ ਹਾਂ। ਏਦਾਂ ਕਰਦੇ ਹੋਏ ਅਸੀਂ ਦੂਸਰਿਆਂ ਦੇ ਅਧਿਕਾਰਾਂ ਦਾ ਘਾਣ ਕਰ ਬੈਠਦੇ ਹਾਂ ਅਤੇ ਉਨ੍ਹਾਂ ਲਈ ਸਮੱਸਿਆ ਦਾ ਕਾਰਨ ਬਣਦੇ ਹਾਂ। ਏਦਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਹਰ ਸੂਝਵਾਨ ਨਾਗਰਿਕ ਨੂੰ ਰੋਜ਼ ਕਰਨਾ ਪੈਂਦਾ ਹੈ।ਚਾਹੁੰਦੇ ਹੋਏ ਵੀ ਉਹ ਇਨ੍ਹਾਂ ਸਮੱਸਿਆਵਾਂ ਤੋਂ ਮੁਕਤੀ ਨਹੀਂ ਪਾ ਸਕਦਾ। ਸੋਚ ਕੇ ਦੇਖੋ, ਸਾਡੇ ਆਪਣਿਆਂ ਕਰ ਕੇ ਹੀ ਸਾਨੂੰ ਕਿੱਥੇ-ਕਿੱਥੇ ਪ੍ਰੇਸ਼ਾਨੀ ਹੁੰਦੀ ਹੈ। ਮਿਸਾਲਾਂ ਤੁਹਾਡੇ ਸਾਹ-ਮਣੇ ਹਨ।

ਸਾਡੀ ਕਾਲੋਨੀ ਵਿੱਚ ਨਵੀਂ ਸੜਕ ਬਣੀ। ਸਾਰੇ ਬਹੁਤ ਖੁਸ਼ ਸਨ ਕਿ ਚਲੋ ਖੱਡਿਆਂ ਤੋਂ ਨਿਜਾਤ ਮਿਲੀ ਅਤੇ ਚੱਲਣਾ-ਫਿਰਨਾ ਆਰਾਮਦ-ਾਇਕ ਹੋ ਜਾਵੇਗਾ ਤੇ ਗੱਡੀ ਚਲਾਉਂਦੇ ਹੋਏ ਛਾਲਾਂ ਨਹੀਂ ਵੱਜਣਗੀਆਂ ਅਤੇ ਪਿੱਠ ਤੇ ਗਰਦਨ ਨੂੰ ਝਟਕੇ ਨਹੀਂ ਲੱਗਣਗੇ, ਪਰ ਇਹ ਖੁਸ਼ੀ ਕੁਝ ਕੁ ਦਿਨਾਂ ਵਿੱਚ ਉਡ-ਪੁੱਡ ਗਈ, ਜਦੋਂ ਦੇਖਿਆ ਕਿ ਲਗਭਗ ਸਾਰੀ ਕਾਲੋਨੀ ਵਿੱਚ ਹੀ ਲੋਕਾਂ ਨੇ ਆਜ਼ਾਦ ਹੋਣ ਦਾ ਪ੍ਰਮਾਣ ਦੇ ਦਿੱਤਾ ਹੈ।ਆਪਣੀ ਮਰਜ਼ੀ ਨਾਲ ਆਪਣੇ ਘਰਾਂ ਅੱਗੇ ਉਚੇ ਤੇ ਬੇਢੱਬੇ ਸਪੀਡ ਬਰੇਕਰ ਬਣਾ ਲਏ, ਜਿੱਥੋਂ ਸ਼ਾਇਦ ਪੈਦਲ ਲੰਘਣ ਵੇਲੇ ਵੀ ਸਰੀਰ ਨੂੰ ਝਟਕਾ ਲੱਗਦਾ, ਪਰ ਕਹੇ ਕੌਣ ਅਤੇ ਕੌਣ ਲੜਾਈ ਮੁੱਲ ਲਵੇ। ਉਹ ਵੀ ਸ਼ਾਇਦ ਮਜਬੂਰ ਹਨ, ਕਿਉਂਕਿ ਸਕੂਟਰ, ਮੋਟਰ ਸਾਈਕਲ ਤੇ ਕਾਰਾਂ ਚਲਾਉਣ ਵਾਲੇ ਆਪਣੇ ਵਾਹਨ ਦੀ ਰਫਤਾਰ ਜਹਾਜ਼ ਤੋਂ ਵੱਧ ਰੱਖਦੇ ਹਨ। ਆਮ ਤੌਰ ਉੱਤੇ ਦੇਖਣ ਵਿੱਚ ਆਇਆ ਕਿ ਅਸੀਂ ਆਪਣੇ ਘਰ ਦੇ ਬਾਹਰ ਸੜਕ ਉੱਤੇ ਕੋਈ ਖੁਸ਼ੀ ਦਾ ਪ੍ਰੋਗਰਾਮ ਕਰਦੇ ਹਾਂ। ਪ੍ਰੋਗਰਾਮ ਤੋਂ ਪਹਿਲਾਂ ਆਲਾ-ਦੁਆਲਾ ਪੂਰੀ ਤਰ੍ਹਾਂ ਚਮਕਾ ਦਿੰਦੇ ਹਾਂ, ਪਰ ਓਥੋਂ ਦਾ ਬਾਅਦ ਦਾ ਹਾਲ ਕਿਸੇ ਤੋਂ ਛੁਪਦਾ ਨਹੀਂ। ਚੁਫੇਰੇ ਰਾਤ ਦੇ ਖਾਧੇ-ਪੀਤੇ ਦੀਆਂ ਨਿਸ਼ਾਨੀਆਂ ਖਿੱਲਰੀਆਂ ਹੁੰਦੀਆਂ ਹਨ। ਸੜਕ ਵਰਤਣਾ ਸਾਡਾ ਅਧਿਕਾਰ ਹੈ, ਪਰ ਇਸ ਨੂੰ ਸਾਫ ਕਰਵਾਉਣਾ ਸਾਡਾ ਫਰਜ਼ ਨਹੀਂ, ਕਿਉਂਕਿ ਅਸੀਂ ਆਜ਼ਾਦ ਹਾਂ।

ਲੋਕ ਆਪਣੇ ਘਰ ਨੂੰ ਸਾਫ ਕਰ ਕੇ ਕੂੜਾ ਦੂਸਰਿਆਂ ਦੇ ਘਰ ਅੱਗੇ ਸੁੱਟ ਦਿੰਦੇ ਹਨ ਅਤੇ ਲੜਾਈ-ਝਗੜੇ ਦਾ ਕਾਰਨ ਬਣਦੇ ਹਨ ਜਾਂ ਕਿਸੇ ਖਾਲੀ ਪਲਾਟ ਵਿੱਚ ਸੁੱਟ ਕੇ ਅੱਗ ਲਾ ਦਿੰਦੇ ਹਨ। ਸਾਰੇ ਪਾਸੇ ਧੂੰਆਂ ਫੈਲਾ ਦਿੰਦੇ ਹਨ। ਘਰ ਬੈਠਿਆਂ ਵੀ ਸਾਹ ਘੁਟਦਾ ਹੈ। ਕੀ ਹੋਇਆ ਜੇ ਪ੍ਰਦੂਸ਼ਣ ਫੈਲ ਗਿਆ, ਕੂੜਾ ਚੁੱਕਣ ਵਾਲੇ ਨੂੰ ਦਿੱਤੇ ਜਾਣ ਵਾਲੇ ਪੈਸੇ ਤਾਂ ਬਚਾ ਲਏ। ਸਰਦੀ ਦਾ ਮੌਸਮ ਆਵੇਗਾ, ਪਰ ਇਸ ਕੰਮ ਲਈ ਸਰਦੀ-ਗਰਮੀ ਦਾ ਕੋਈ ਚੱਕਰ ਨਹੀਂ।

ਸਰਦੀ ਵਿੱਚ ਥੋੜ੍ਹਾ ਕੰਮ ਵਧ ਜਾਂਦਾ ਹੈ। ਸੋਚਦੇ ਹੋਵੋਗੇ ਕਿ ਅਜਿਹਾ ਕਿਹੜਾ ਕੰਮ ਹੈ। ਲਓ ਜੀ, ਉਹ ਹੈ ਤੁਰੇ ਜਾਂਦੇ ਸੜਕ ਉੱਤੇ ਥੁੱਕਣਾ ਜਾਂ ਨੱਕ ਸਾਫ ਕਰਨਾ ਬਿਨਾਂ ਇਹ ਪ੍ਰਵਾਹ ਕੀਤੇ ਕਿ ਪਿੱਛੇ ਕੋਈ ਆ ਰਿਹਾ ਹੈ। ਅਸੀਂ ਆਪਣੀ ਆਜ਼ਾਦੀ ਮਾਣਦੇ ਹੋਏ ਪਤਾ ਨਹੀਂ ਕਿੰਨੇ ਕੁ ਬਿਮਾਰੀਆਂ ਦੇ ਵਾਇਰਸ ਫੈਲਾ ਜਾਂਦੇ ਹਾਂ। ਜੇ ਤੁਸੀਂ ਬੰਦ ਸ਼ੀਸ਼ੇ ਕਰ ਕੇ ਕਿਸੇ ਗੱਡੀ ਵਿੱਚ ਜਾ ਰਹੇ ਹੋ ਤਾਂ ਬਚ ਗਏ, ਨਹੀਂ ਤਾਂ ਨ੍ਹਾਤੇ-ਧੋਤਿਆਂ ਉਪਰ ਪੈ ਗਏ ਕੀਟਾਣੂਆਂ ਦੇ ਛਿੱਟੇ।ਹੋਰ ਤਾਂ ਹੋਰ, ਕਈ ਲੋਕ ਸਵੇਰ ਵੇਲੇ ਸੈਰ ਕਰਦੇ-ਕਰਦੇ ਵੀ ਇਹ ਕੰਮ ਕਰਦੇ ਰਹਿੰਦੇ ਹਨ ਤੇ ਦੂਜਿਆਂ ਲਈ ਪਾਰਕ ਦੀ ਸ਼ੁੱਧ ਹਵਾ ਨੂੰ ਅਸ਼ੁੱਧ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ। ਇਸ ਦਾ ਖਮਿਆਜ਼ਾ ਅਸੀਂ ਕੋਰੋਨਾ ਵਾਇਰਸ ਦੇ ਰੂਪ ਵਿੱਚ ਪਿਛਲੇ ਦੋ-ਢਾਈ ਸਾਲਾਂ ਤੋਂ ਭੁਗਤ ਰਹੇ ਹਾਂ। ਅਸੀਂ ਜਨਤਕ ਥਾਵਾਂ ਦੀ ਵਰਤੋਂ ਖੁਸ਼ੀ-ਖੁਸ਼ੀ ਕਰਦੇ ਹਾਂ, ਪਰ ਉਨ੍ਹਾਂ ਨੂੰ ਸਾਫ ਕਰਨ ਤੋਂ ਭੱਜਦੇ ਹਾਂ। ਵੈਸੇ ਸਾਡੇ ਦੇਸ਼ ਵਿੱਚ ਪਬਲਿਕ ਟਾਇਲਟਾਂ ਦੀ ਕਮੀ ਹੈ, ਪਰ ਕਿਤੇ ਮਿਲ ਵੀ ਜਾਵੇ ਤਾਂ ਵਰਤਣ ਦੇ ਯੋਗ ਨਹੀਂ ਹੁੰਦੀਆਂ। ਪਾਰਕਾਂ ਵਿੱਚ ਜਾਂ ਕਿਸੇ ਇਤਿਹਾਸਕ ਇਮਾਰਤ ਵਿੱਚ ਜਾ ਕੇ ਰੁੱਖਾਂ ਜਾਂ ਇਮਾਰਤ ਉੱਤੇ ਕਿਸੇ ਤਿੱਖੀ ਚੀਜ਼ ਨਾਲ ਆਪਣਾ ਨਾਂਅ ਲਿਖ ਕੇ ਉਨ੍ਹਾਂ ਨੂੰ ਖਰਾਬ ਕਰਨਾ ਅਸੀਂ ਆਪਣੀ ਸ਼ਾਨ ਸਮਝਦੇ ਹਾਂ। ਕਤਾਰ ਵਿੱਚ ਖੜ੍ਹੇ ਹੋ ਕੇ ਵਾਰੀ ਦੀ ਉਡੀਕ ਅਸੀਂ ਨਹੀਂ ਕਰ ਸਕਦੇ। ਅਜਿਹਾ ਨਜ਼ਾਰਾ ਰੋਜ਼ ਫਾਟਕ ਬੰਦ ਹੋਣ ਉੱਤੇ, ਕਿਸੇ ਬੱਸ ਗੱਡੀ ਵਿੱਚ ਚੜ੍ਹਨ ਵੇਲੇ ਜਾਂ ਕੋਈ ਬਿੱਲ ਵਗੈਰਾ ਭਰਨ ਸਮੇਂ ਜਾਂ ਜਿੱਥੇ ਕੋਈ ਚੀਜ਼ ਵੰਡੀ ਜਾ ਰਹੀਹੈ, ਆਮ ਦੇਖਣ ਨੂੰ ਮਿਲਦਾ ਹੈ।

ਇਹ ਵਰਤਾਰਾ ਲਾਲ ਬੱਤੀ ਉੱਤੇ ਰੁਕਣ ਸਮੇਂ ਦੇਖਿਆਜਾ ਸਕਦਾ ਹੈ। ਅਸੀਂ ਟਰੈਫਿਕ ਨਿਯਮਾਂ ਦੀ ਪਾਲਣਾਚਲਾਣ ਦੇ ਡਰ ਤੋਂ ਕਰਦੇ ਹਾਂ, ਨਾ ਕਿ ਆਪਣੀ ਸੁਰੱਖਿਆ ਲਈ। 'ਪਹਿਲੇ ਆਪ, ਪਹਿਲੇ ਆਪ' ਦੀ ਥਾਂ 'ਪਹਿਲਾਂ ਮੈਂ, ਪਹਿਲਾਂ ਮੈਂ" ਨੇ ਲੈ ਲਈ ਹੈ। ਸਾਡੇ ਸਵਾਰਥੀ ਹਿੱਤ ਹਰ ਥਾਂਭਾਰੂ ਹਨ। ਸਬਰ-ਸੰਤੋਖ ਅਤੇ ਹਲੀਮੀ ਕਿਤੇ ਨਜ਼ਰ ਨਹੀਂ ਆਉਂਦੀ। ਰੌਲਾ ਪਾਉਣਾ, ਚੀਕਾਂ ਮਾਰਨੀਆਂ,ਗਾਲ੍ਹਾਂ ਕੱਢਣੀਆਂ ਤੇ ਦੂਸਰਿਆਂ ਨੂੰ ਪ੍ਰੇਸ਼ਾਨ ਕਰਨ ਲਈ ਅਸੀਂ ਆਜ਼ਾਦ ਹਾਂ।ਲੇਟ ਲਤੀਫੀ ਅਤੇ ਕੰਮ ਤੋਂ ਜੀਅ ਚੁਰਾਉਣਾ ਸਾਡਾ ਰੋਜ਼ਮੱਰਾ ਦਾ ਹਿੱਸਾ ਹੈ। ਫਰਲੋ ਨਾਲ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ। ਅੱਜ ਕੱਲ੍ਹ ਨੈਤਿਕ ਸਿੱਖਿਆ ਦੇ ਅਨੰਤ ਪਾਠ ਸੋਸ਼ਲ ਮੀਡੀਆ ਉੱਤੇ ਪੜ੍ਹੇਜਾ ਸਕਦੇ ਹਨ, ਪਰ ਅਸੀਂ ਇਨ੍ਹਾਂ ਨੂੰ ਜੀਵਨ ਵਿੱਚ ਨਹੀਂ ਉਤਾਰਦੇ। ਅਸੀਂ ਆਪਣੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਗੱਲਾਂ ਵਿੱਚ ਉਡਾ ਦਿੰਦੇ ਹਾਂ। ਕਦੇ ਵੀ ਜੀਵਨ-ਜਾਚ ਦਾ ਹਿੱਸਾ ਨਹੀਂ ਬਣਾਉਂਦੇ। ਆਜ਼ਾਦੀ ਦੇ ਅਰਥ ਇਹ ਨਹੀਂ। ਆਜ਼ਾਦੀ ਦਾ ਸੁੱਚਾ ਭਾਵ ਹੈ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਨੂੰ ਤਹਿ ਦਿਲੋਂ ਨਿਭਾਉਂਦੇ ਹੋਏ ਦੂਸਰਿਆਂ ਦੇ ਹਿੱਤਾਂ ਨੂੰ ਵੀ ਧਿਆਨ ਵਿੱਚ ਰੱਖਣਾ।

ਡੰਡਾ ਅਨੁਸ਼ਾਸਨ ਦੀ ਥਾਂ ਸਵੈ-ਅਨੁਸ਼ਾਸਨ ਦੀ ਪਾਲਣਾ ਕਰਦੇ ਹੋਏ ਵਿਕਾਸ ਦੀਆਂ ਰਾਹਾਂ ਉੱਤੇ ਤੁਰਨਾ। ਅਧਿਕਾਰ ਤੋਂ ਪਹਿਲਾਂ ਆਪਣੇ ਫਰਜ਼ਾਂ ਨੂੰ ਪਛਾਣਨਾ। ਆਲਸ ਵਿਹਲਾਪਣ, ਆਪਹੁਦਰਾਪਣ ਨੂੰ ਆਜ਼ਾਦੀ ਨਹੀਂ, ਗਿਰਾਵਟ ਦੀ ਨਿਸ਼ਾਨੀ ਸਮਝਣਾ। ਆਓ! ਆਪਾਂ ਸਾਰੇ ਪ੍ਰਣ ਕਰੀਏ ਕਿ ਸਹੀ ਮਾਅਨਿਆਂ ਵਿੱਚ ਆਜ਼ਾਦੀ ਦਾ ਹਰ ਰੰਗ ਮਾਣਨ ਲਈ ਅਸੀਂ ਸਮੇਂ ਦੇ ਪਾਬੰਦ ਬਣਾਂਗੇ, ਨਿਯਮਾਂ ਦੀ ਪਾਲਣਾ ਕਿਸੇ ਡਰ ਕਾਰਨ ਨਹੀਂ, ਸਗੋਂ ਉਨ੍ਹਾਂ ਦੀ ਮਹੱਤਤਾ ਸਮਝਦੇ ਹੋਏ ਕਰਾਂਗੇ, ਅਨੁਸ਼ਾਸਨ ਨੂੰ ਜੀਵਨ ਵਿੱਚ ਸਰਬੋਤਮ ਥਾਂ ਦੇਵਾਂਗੇ ਕਿਉਂਕਿ ਅਨੁਸ਼ਾਸਨ ਤੋਂ ਬਿਨਾਂ ਆਜ਼ਾਦੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

# ਸੁਲਤਾਨਾ ਬੇਗ਼ਮ ਦਾ ਤੁਰ ਜਾਣਾ


ਅਮਰਜੀਤ ਕੌਰ ਅਮਰ

*'ਕਾਲੇ ਰੰਗ ਦਾ ਗੁਲਾਬ ਕੋਈ ਨਾ*
*ਜ਼ਿੰਦਗੀ ਸੀ ਚਾਰ ਦਿਨ ਦੀ*
*ਅਸਾਂ ਰੱਖਿਆ ਹਿਸਾਬ ਕੋਈ ਨਾ।'*
*(ਸੁਲਤਾਨਾ ਬੇਗ਼ਮ)*

ਜ਼ਿੰਦਗੀ ਸੱਚਮੁੱਚ ਚਾਰ ਦਿਨਾਂ ਦੀ ਹੈ। ਕਿਸ ਨੇ ਕਦੋਂ ਤੁਰ ਜਾਣਾ, ਕੁਝ ਪਤਾ ਨਹੀਂ। ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਸਾਹਿਤਕਾਰਾ ਸੁਲਤਾਨਾ ਬੇਗ਼ਮ ਦਾ ਇੰਝ ਅਚਾਨਕ ਤੁਰ ਜਾਣਾ, ਯਕੀਨ ਨਹੀਂ ਆ ਰਿਹਾ ਕਿ ਉਹ 'ਹਨ' ਤੋਂ 'ਸੀ' ਹੋ ਗਏ ਹਨ।ਜਦੋਂ ਉਨ੍ਹਾਂ ਦੇ ਮੂੰਹੋਂ ਉਨ੍ਹਾਂ ਦੀ ਜੀਵਨੀ ਬਾਰੇ ਪੜ੍ਹਦੇ ਸੁਣਦੇ ਸਾਂ ਤਾਂ ਹੈਰਾਨੀ ਹੁੰਦੀ ਸੀ ਕਿ ਕਿਵੇਂ ਮੁਸਲਿਮ ਪਰਵਾਰ ਵਿੱਚ ਜਨਮ ਹੋਇਆ, ਹਿੰਦੂ ਪਰਵਾਰ ਵਿੱਚ ਉਨ੍ਹਾਂ ਦੀ ਪਰਵਰਿਸ਼ ਹੋਈ ਅਤੇ ਸਿੱਖ ਪਰਵਾਰ ਵਿੱਚ ਉਨ੍ਹਾਂ ਦਾ ਵਿਆਹ ਹੋਇਆ। ਉਹ ਆਪਣੇ ਆਪ ਵਿੱਚ ਹੀ ਸਾਂਝੇ ਧਰਮਾਂ ਦੇ ਸਾਂਝੇ ਸਨ। ਉਨ੍ਹਾਂ ਦੀ ਜ਼ਿੰਦਗੀ ਇੱਕ ਮਿਸਾਲ ਕਾਇਮ ਕਰਦੀ ਹੈ। ਉਨ੍ਹਾਂ ਨੇ ਗੀਤਾ ਵੀ ਪੜ੍ਹੀ, ਸਤਿ-ਨਾਰਾਇਣ ਦੀ ਕਥਾ ਵੀ, ਕੁਰਾਨ ਸ਼ਰੀਫ ਵੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ। ਸਹੁਰਾ ਪਰਵਾਰ ਵਿੱਚ ਆਪ ਜੀ ਦੇ ਸਹੁਰਾ ਸਾਹਿਬ ਜਦੋਂ ਕਿਤੇ ਬਾਹਰ ਗਏ ਹੁੰਦੇ ਤਾਂ ਸੁਲਤਾਨਾ ਬੇਗ਼ਮ ਹੁਰੀ ਦੇਗ ਬਣਾਉਂਦੇ, ਪਾਠ ਕਰਦੇ ਤੇ ਸੁਖ-ਆਸਨ ਵੀ ਕਰਦੇ।

1947 ਦੀ ਵੰਡ ਨੇ ਕਿੰਨਾ ਕੁਝ ਖੋਹਿਆ, ਇਸ ਦਾ ਦਰਦ ਸਿਰਫ ਉਹ ਹੀ ਜਾਣ ਸਕਦਾ ਹੈ, ਜਿਸ ਨੇ ਇਹ ਦਰਦ ਹੰਢਾਇਆ ਹੋਵੇ। ਅਪ੍ਰੈਲ 1947 ਦੀ ਵੰਡ ਤੋਂ ਪਹਿਲਾਂ ਸੁਲਤਾਨਾ ਬੇਗ਼ਮ ਦੇ ਅੰਮੀ-ਅੱਬੂ ਦਾ ਵਿਆਹ ਹੋਇਆ। ਅਗਸਤ 1947 ਵਿੱਚ ਜਦੋਂ ਦੇਸ਼ ਦੀ ਵੰਡ ਐਲਾਨ ਹੋਇਆ ਤਾਂ ਉਨ੍ਹਾਂ ਦਾ ਦਾਦਕਾ ਪਰਵਾਰ ਬਹਾਦਰਗੜ੍ਹ ਸੀ ਅਤੇ ਇਨ੍ਹਾਂ ਦੇ ਅੰਮੀ ਆਪਣੇ ਪੇਕੇ ਪਰਵਾਰ ਪਟਿਆਲਾ ਦੇ ਬਹਾਦਰਗੜ੍ਹ ਵਿਖੇ ਆਏ ਹੋਏ ਸਨ। ਵੰਡ ਤੋਂ ਬਾਅਦ ਪੰਡਿਤ ਚਿਰੰਜੀ ਲਾਲ ਨਾਂਅ ਦੇ ਹਿੰਦੂ ਨੇ ਉਨ੍ਹਾਂ ਦੀ ਅੰਮੀ ਨੂੰ ਪਾਕਿਸਤਾਨ ਪਹੁੰਚਣ ਵਿੱਚ ਮਦਦ ਕੀਤੀ ਸੀ। ਇਨ੍ਹਾਂ ਫਸਾਦਾਂ ਵਿੱਚ ਹੀ ਸੁਲਤਾਨਾ ਜੀ ਦਾ ਨਾਨਕਾ ਪਰਵਾਰ ਮਾਰਿਆ ਗਿਆ। ਜਦੋਂ ਉਨ੍ਹਾਂ ਦੇ ਅੰਮੀ ਪਾਕਿ-ਸਤਾਨ ਗਏ ਤਾਂ ਕੁਝ ਸਮੇਂ ਬਾਅਦ ਪਤਾ ਲੱਗਾ ਕਿ ਉਨ੍ਹਾਂ ਦੇ ਅੱਬੂ ਨੇ ਓਧਰ ਦੂਜਾ ਵਿਆਹ ਕਰਵਾ ਲਿਆ ਹੈ। ਆਪਣੇ ਪਤੀ ਨੂੰ ਛੱਡ ਕੇ ਉਹ ਕਿਸੇ ਤਰ੍ਹਾਂ ਪਟਿਆਲੇ ਆ ਗਏ। ਉਸ ਵਕਤ ਉਨ੍ਹਾਂ ਦੇ ਅੰਮੀ ਗਰਭਵਤੀ ਸਨ। ਪੰਡਿਤ ਚਿਰੰਜੀ ਲਾਲ ਨੇ ਆਪਣੇ ਕੋਈ ਔਲਾਦ ਨਾ ਹੋਣ ਕਾਰਨ ਉਨ੍ਹਾਂ ਦੀ ਅੰਮੀ ਨੂੰ ਆਪਣੀ ਬੇਟੀ ਬਣਾ ਲਿਆ। ਇਸ ਤਰ੍ਹਾਂ ਉਨ੍ਹਾਂ ਦਾ ਪਾਲਣ ਪੋਸ਼ਣ ਹਿੰਦੂ ਪਰਵਾਰ ਵਿੱਚ ਹੋਇਆ।

ਸਾਲ 1975 ਵਿੱਚ ਉਨ੍ਹਾਂ ਦਾ ਵਿਆਹ ਅਵਤਾਰ ਸਿੰਘ ਰਾਣਾ ਨਾਲ ਹੋਇਆ। ਘਰ ਵਿੱਚ ਸੁਲਤਾਨਾ ਜੀ ਦੇ ਅੰਮੀ ਉਰਦੂ ਸ਼ਾਇਰੀ ਪੜ੍ਹਦੇ ਸਨ, ਜਿੱਥੋਂ ਸੁਲਤਾਨਾ ਬੇਗ਼ਮ ਨੂੰ ਪੜ੍ਹਨ ਦਾ ਸ਼ੌਕ ਹੋਇਆ। ਉਹ ਕਾਲਜ ਵਿੱਚ ਛਪਦੇ ਮੈਗਜ਼ੀਨ ਦੇ ਜਨਰਲ ਸਕੱਤਰ ਬਣੇ, ਜਿਸ ਕਾਰਨ ਉਨ੍ਹਾਂ ਨੂੰ ਲਿਖਣ ਦਾ ਸ਼ੌਕ ਹੋਇਆ। ਐੱਮ ਏ ਪੜ੍ਹਦਿਆਂ ਉਨ੍ਹਾਂ ਨੇ ਲਿਖਣਾ ਸ਼ੁਰੂ ਕੀਤਾ। ਸੰਨ



ਸਵ: ਸੁਲਤਾਨਾ ਬੇਗਮ

1972-73 ਤੋਂ ਲਿਖਣਾ ਸ਼ੁਰੂ ਕੀਤਾ, ਪਰ ਉਨ੍ਹਾਂ ਦੀਆਂ ਕਿਤਾਬਾਂ 2010 ਤੋਂ ਪਿੱਛੋਂ ਛਪਣੀਆਂ ਸ਼ੁਰੂ ਹੋਈਆਂ।ਉਨ੍ਹਾਂ ਨੇ ਪਹਿਲੀ ਕਿਤਾਬ ਉਰਦੂ ਗ਼ਜ਼ਲ ਦੀ ਲਿਖੀ 'ਰੁਸਵਾਈਆਂ'। ਫਿਰ ਇਸੇ ਕਿਤਾਬ ਨੂੰ ਉਨ੍ਹਾਂ ਨੇ ਪੰਜਾਬੀ ਤੇ ਹਿੰਦੀ ਵਿੱਚ ਇਸੇ ਟਾਈਟਲ ਨਾਲ ਛਪਵਾਇਆ। ਫਿਰ ਉਨ੍ਹਾਂ ਦੀ ਟੱਪੇ, ਮਾਹੀ, ਢੋਲਾ ਗੀਤਾਂ ਉੱਤੇ ਆਧਾਰਤ ਕਿਤਾਬ 'ਗੁਲਜ਼ਾਰ' ਆਈ ਅਤੇ ਫਿਰ ਉਨ੍ਹਾਂ ਦੀ ਕਿਤਾਬ 'ਸ਼ਗੂਫੇ' ਆਈ। ਉਨ੍ਹਾਂ ਦੀ ਸਵੈ-ਜੀਵਨੀ 'ਮੇਰਾ ਕਤਰਾ-ਕਤਰਾ ਜ਼ਿੰਦਗੀ' ਛਪੀ। 'ਨਮਕਪਾਰੇ' ਅਤੇ 'ਬਹਾਰਾਂ' ਕਿਤਾਬਾਂ ਛਪੀਆਂ। ਉਹ ਸਟੇਜ ਉੱਤੇ ਜਾਂਦੇ ਸਨ ਤਾਂ ਆਪਣੀਆਂ ਰਚਨਾਵਾਂ ਦੇ ਨਾਲ ਆਪਣੇ ਸ਼ਗੂਫਿਆਂ ਨਾਲ ਸਰੋਤਿਆਂ, ਦਰਸ਼ਕਾਂ ਵਿੱਚ ਹਾਸੇ ਬਿਖੇਰ ਦਿੰਦੇ ਸਨ। ਉਨ੍ਹਾਂ ਨੇ ਬੇਹੱਦ ਬੇਬਾਕ ਢੰਗ ਨਾਲ ਸੱਚੇ ਕਿੱਸੇ ਲਿਖੇ ਤੇ ਉਹ ਵੀ ਉਸ ਵਿਅਕਤੀ ਦਾ ਨਾਂਅ ਲੈ ਕੇ ਅਤੇ ਉਹ ਉਸੇ ਮੌਕੇ ਦਾ ਜ਼ਿਕਰ ਕਰਦੇ ਸਨ ਜਿੱਥੇ ਉਹ ਆਪ ਹਾਜ਼ਰ ਹੁੰਦੇ ਸਨ। ਉਹ ਜ਼ਿੰਦਗੀ ਦੇ ਹਰੇਕ ਛਿਣ ਨੂੰ ਮਾਣਨਾ ਜਾਣਦੇ ਸਨ। ਔਰਤਾਂ ਵਿੱਚੋਂ ਸੁਲਤਾਨਾ ਬੇਗ਼ਮ ਨੇ ਹੀ ਅਜਿਹੇ ਸਗੂਫੇ ਲਿਖੇ ਹਨ। ਇਸੇ ਕਰ ਕੇ ਉਨ੍ਹਾਂ ਨੂੰ 'ਸ਼ਗੂਫਿਆਂ ਦੀ ਰਾਣੀ' ਕਿਹਾ ਜਾਂਦਾ ਸੀ।

ਸੁਲਤਾਨਾ ਬੇਗ਼ਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ ਐੱਚ ਡੀ ਕਰਨ ਵਾਲੀ ਪਹਿਲੀ ਮੁਸਲਿਮ ਔਰਤ ਸਨ। 'ਜਿਊਣਾ ਮੌੜ' ਸੁਲਤਾਨਾ ਬੇਗ਼ਮ ਦੇ ਪੜਨਾਨਾ ਜੀ ਸਨ। ਸੁਲਤਾਨਾ ਬੇਗ਼ਮ ਵਰਗੀ ਬੇਬਾਕ ਸ਼ਖਸੀਅਤ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਡਟ ਕੇ ਸਾਹਮਣਾ ਕਰਦੇ ਸਨ।ਉਨ੍ਹਾਂ ਦਾ ਜੀਵਨ ਪੰਜਾਬੀ ਭਾਸ਼ਾ ਨੂੰ ਸਮਰਪਿਤ ਸੀ। ਜਾਤ-ਪਾਤ ਤੋਂ ਉਪਰ ਉਠ ਕੇ ਇਨਸਾਨੀਅਤ ਦੀ ਕਦਰ ਕਰਨ ਵਾਲੀ, ਬਹੁਤ ਹੀ ਹਸਮੁੱਖ, ਮਿਹਨਤੀ ਤੇ ਮਿਲਾਪੜੇ ਸੁਭਾਅ ਵਾਲੀ ਇਸ ਸ਼ਖਸੀਅਤ ਦੇ ਇਸ ਤਰ੍ਹਾਂ ਤੁਰ ਜਾਣ ਨਾਲ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੀ ਕਮੀ ਹਮੇਸ਼ਾ ਰਹੇਗੀ, ਪਰ ਅਜਿਹੀ ਸ਼ਖਸੀਅਤ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇਗੀ।

# ਕੀ ਸੱਚਮੁੱਚ ਪੰਜਾਬ ਵਿਚ ਭ੍ਰਿਸ਼ਟਾਚਾਰ ਖਤਮ ਹੋ ਜਾਵੇਗਾ ?

ਪੰਜਾਬ ਨੂੰ ਘੁਣ ਵਾਂਗੂੰ ਚੰਬੜਿਆ ਹੋਇਆ ਭ੍ਰਿਸ਼ਟਾਚਾਰ ਕਿਵੇਂ ਇਕ ਦਮ ਖਤਮ ਹੋ ਜਾਵੇਗਾ ਸਵਾਲ ਇਸ ਗੱਲ ਦਾ ਹੈ। ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਸਰਕਾਰ ਤੋਂ ਲੋਕ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਲਾਈ ਬੈਠੇ ਹਨ। ਸਰਕਾਰ ਦੇ ਹਮਾਇਤੀ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਰਹੇ ਹਨ। ਆਲੋਚਨਾ ਕਰਨ ਵਾਲੇ ਵੀ ਲਗਾਤਾਰ ਕਹਿ ਰਹੇ ਹਨ ਕਿ ਸਰਕਾਰ ਉਸ ਢੰਗ-ਤਰੀਕੇ ਨਾਲ ਨਹੀਂ ਚਲਾਈ ਜਾ ਰਹੀ। ਜਿਸ ਤਰ੍ਹਾਂ ਲੋਕਾਂ ਨਾਲ ਵੋਟਾਂ ਵੇਲੇ ਵਾਅਦੇ ਕੀਤੇ ਗਏ ਸਨ। ਕਈ ਬੁੱਧੀਜੀਵੀ ਵਿਚੋਂ-ਵਿਚੋਂ ਇਹ ਕਹਿ ਰਹੇ ਹਨ ਕਿ ਸਰਕਾਰ ਨੂੰ ਕੁਝ ਸਮਾਂ ਤਾਂ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਸਿਸਟਮ ਇੰਨਾ ਜ਼ਿਆਦਾ ਵਿਗੜ ਚੁੱਕਾ ਹੈ ਕਿ ਇਹ ਜਾਦੂ ਦੀ ਛੜੀ ਘੁਮਾਉਣ ਵਾਂਗ ਰਾਤੋ-ਰਾਤ ਠੀਕ ਨਹੀਂ ਕੀਤਾ ਜਾ ਸਕਦਾ। ਕਿਉਂਕਿ ਮੈਨੂੰ ਇਥੇ ਇੱਕ ਗੱਲ ਯਾਦ ਆ ਗਈ ਹੈ ਕਿ ਕੋਈ ਸਾਧੂ ਜ਼ਮੀਨ ਉਤੇ ਲੇਟਿਆ ਪਿਆ ਸੀ। ਉਸ ਦੇ ਉਤੇ ਬਹੁਤ ਸਾਰੀਆਂ ਮੱਖੀਆਂ ਬੈਠੀਆਂ ਹੋਈਆਂ ਸਨ। ਕੋਈ ਦਿਆਲੂ ਕੋਲੋਂ ਲੰਘ ਰਿਹਾ ਸੀ। ਉਸ ਨੂੰ ਸਾਧੂ ਦੀ ਹਾਲਤ ਵੇਖ ਕੇ ਤਰਸ ਆ ਗਿਆ। ਉਸ ਨੇ ਸਾਧੂ ਨੂੰ ਪਾਣੀ ਨਾਲ ਨੁਹ-ਾਇਆ ਤੇ ਸਾਫ਼ ਕਪੜੇ ਨਾਲ ਸਾਫ਼ ਕਰ ਦਿੱਤਾ। ਜਦੋ ਤਕ ਦਿਆਲੂ ਉਸ ਦੀ ਸੇਵਾ ਕਰਦਾ ਰਿਹਾ ਉਸ ਸਮੇ ਤੱਕ ਸਾਧੂ ਕੁੱਝ ਨਹੀਂ ਬੋਲਿਆ। ਜਦੋ ਉਹ ਸੇਵਾ ਕਰਕੇ ਜਾਣ ਲੱਗਾ ਤਾਂ ਸਾਧੂ ਬੋਲ ਪਿਆ ਕਹਿੰਦਾ ਕਿ ਭਾਈ ਮੈ ਤੇਰਾ ਕੀ ਵਿਗਾੜਿਆ ਸੀ। ਸੇਵਾ ਕਰਨ ਵਾਲਾ ਬੋਲਿਆ ਨਹੀਂ ਮਹਾਤਮਾ ਜੀ ਐਸੀ ਕੋਈ ਗੱਲ ਨਹੀਂ ਸੀ। ਮੈਨੂੰ ਤੁਹਾਡੀ ਹਾਲਤ ਵੇਖ ਕੇ ਤਰਸ ਆ ਗਿਆ ਸੀ। ਇਸ ਕਰਕੇ ਮੈ ਤੁਹਾਡੀ ਸੇਵਾ ਕੀਤੀ ਹੈ। ਤੂੰ ਮੇਰੀ ਸੇਵਾ ਨਹੀਂ ਕੀਤੀ ਸਗੋਂ ਮੈਨੂੰ ਦੁਖੀ ਕਰ ਚੱਲਿਆ ਏ। ਉਹ ਮਹਾਤਮਾ ਜੀ ਕਿਵੇਂ। ਉਏ ਮੂਰਖਾਂ ਜਿਹੜੀਆਂ ਪਹਿਲੀਆਂ ਮੱਖੀਆਂ ਮੇਰੇ ਉਤੇ ਬੈਠੀਆਂ ਸਨ। ਉਹ ਮੇਰਾ ਖੂਨ ਪੀ ਪੀ ਕੇ ਰੱਜ ਚੁੱਕੀਆਂ ਹਾਲਤ ਸਨ। ਹੁਣ ਜਿਹੜੀਆਂ ਨਵੀਆਂ ਮੱਖੀਆਂ ਆਉਣਗੀਆਂ ਉਹ ਮੇਰਾ ਖੂਨ ਜਿਆਦਾ ਪੀਣਗੀਆਂ। ਉਹੀ ਹਾਲਤ ਪੰਜਾਬ ਦੀ ਨਜ਼ਰ ਆ ਰਹੀ ਹੈ। ਪਹਿਲਾਂ ਵਾਲੇ ਤਾਂ ਪੰਜਾਬ ਦਾ ਖੂਨ ਪੀ ਪੀ ਰੱਜ ਚੁਕੇ ਸਨ। ਹੁਣ ਜਿਹੜੇ ਨਵੇਂ ਆਏ ਹਨ। ਉਹ ਵੀ ਚਾਹੁੰਦੇਹਨ ਕਿ ਅਸੀਂ ਵੀ ਕਿਉਂ ਪਿਛੇ ਰਹੀਏ। ਉਹ ਵੀ ਆਨੇ ਬਹਾਨੇ ਆਪਣੇ ਪੀ ਏ ਦੇ ਜ਼ਰੀਹੇ ਲੋਕੋ ਕੋਲੋਂ ਪੈਸੇ ਇਕੱਠੇ ਕਰਨ ਵਿੱਚ ਰੁੱਝ ਗਏ ਹਨ। ਕੁੱਝ ਕੁ ਵਿਧਾਇਕਾਂ ਦਾ ਪਰਦਾ ਫਾਸ ਹੋ ਗਿਆ ਹੈ ਕੁੱਝ ਕੁ ਵਿਧਾਇਕਾਂ ਦਾ ਆਉਣ ਵਾਲੇ ਦਿਨਾਂ ਵਿੱਚ ਪਰਦਾ ਫਾਸ ਹੋ ਜਾਵੇਗਾ। ਜਿਹਨਾਂ ਨੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣੀ ਹੈ ਅਗਰ ਉਹ ਆਪ ਹੀ ਇਹੋ ਜਿਹਾ ਕਾਰਨਾਮਾਂ ਕਰਨ ਲਗ ਜਾਣਗੇ ਤੇ ਫਿਰ ਕਦੋ ਪੰਜਾਬ ਭ੍ਰਿਸ਼ਟਾਚਾਰ ਮੁਕਤ ਹੋਵੇਗਾ। ਜਦੋ ਵਾੜ ਹੀ ਖੇਤ ਨੂੰ ਖਾਣ ਲਗ ਜਾਵੇਗੀ ਫਿਰ ਰਖਵਾਲੀ ਕੌਣ ਕਰੇਗਾ। ਕੁੱਝ ਕੁ ਦਿਨ ਜ਼ਰੂਰ ਰਿਸ਼ਵਤ ਵਿੱਚ ਠੱਲ੍ਹ ਪਈ ਸੀ। ਪਰ ਫਿਰ ਉਹੀ ਕਾਰੋਬਾਰ ਸ਼ੁਰੂ ਹੋ ਗਿਆ ਹੈ। ਪਟਵਾਰੀ ਆਪਣੇ ਕਰਿੰਦਿਆਂ ਰਾਹੀਂ ਤੇ ਤਹਿਸੀਲਦਾਰ ਅਰਜ਼ੀ ਨਵੀਸਾਂ ਰਾਹੀਂ ਰਿਸ਼ਵਤ ਲੈ ਰਹੇ ਹਨ। ਸ਼ਾਇਦ ਹੀ ਪੰਜਾਬ ਦਾ ਕੋਈ ਇਹੋ ਜਿਹਾ ਮਹਿਕਮਾ ਹੋਵੇਗਾ ਜਿਹੜਾ ਰਿਸ਼ਵਤ ਨਾ ਲੈਂਦਾ ਹੋਵੇ ਜਾ ਨਾ ਲੈ ਰਿਹਾ ਹੋਵੇ .ਬਾਕੀ ਪਹਿਲਾਂ ਨਾਲੋਂ ਬਹੁਤਾ ਕੁਝ ਨਹੀਂ ਬਦਲਿਆ। ਰਿਸ਼ਵਤ ਦਾ ਬੋਲਬਾਲਾ ਅੱਜ ਵੀ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਘਪਲਿਆਂ ਤੇ ਰਿਸ਼ਵਤ ਲੈਣ ਦੇ ਨਵੇਂ ਨਵੇਂ ਖੁਲਾਸੇ ਸਾਹਮਣੇ ਆ ਰਹੇ ਹਨ। ਅਜੇ ਤਕ ਭਗਵੰਤ ਮਾਨ ਦੀ ਸਰਕਾਰ ਨੇ ਕਿਸੇ ਵੀ ਰਿਸ਼ਵਤ ਲੈਣ ਵਾਲੇ ਅਧਿਕਾਰੀ ਦੀ ਜਾਇਦਾਦ ਕੁਰਕੀ ਨਹੀਂ ਕੀਤੀ। ਰਿਸ਼ਵਤਖੋਰ ਅਗਰ ਰਿਸ਼ਵਤ ਲੈਂਦੇ ਫੜੇ ਜਾਂਦੇ ਹਨ ਤੇ ਉਹ ਰਿਸ਼ਵਤ ਦੇ ਕੇ ਫਾਰਗ ਵੀ ਹੋ ਜਾਂਦੇ ਹਨ। ਕੇਸ ਕਾਗਜ਼ਾਂ ਵਿੱਚ ਹੀ ਦੱਬਿਆ ਰਹਿ ਜਾਂਦਾ ਹੈ। ਹੁਣ ਫਿਰ ਰੱਜਿਆ ਹੋਇਆਂ ਨੂੰ ਸਰਕਾਰ ਫਿਰ ਹੋਰ ਰਜਾਉਣ ਜਾ ਰਹੀ ਹੈ। ਖਾਸ ਕਰਕੇ ਰਿਟਾਇਰ ਹੋਏ ਪਟਵਾਰੀਆਂ ਨੂੰ ਮੁੜ ਨੌਕਰੀ ਉਤੇ ਰੱਖਣ ਦਾ ਮਾਮਲਾ ਸਾਹ-ਮਣੇ ਆ ਰਿਹਾ ਹੈ ਕਿਉਂ ਨਹੀਂ ਨਵੀ ਭਰਤੀ ਕਰਦੀ ਸਰਕਾਰ। ਇਹੀ ਕੰਮ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਹੋਇਆ ਸੀ। ਉਸ ਸਮੇ ਸਭ ਤੋਂ ਵੱਧ ਰੌਲਾ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ ਪਾਇਆ ਸੀ ਅਤੇ ਦਲੀਲ ਦਿੱਤੀ ਸੀ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਰਿਟਾਇਰ ਮੁਲਾਜ਼ਮਾਂ ਨੂੰ ਨੌਕਰੀ ਉਤੇ ਕਿਉਂ ਰੱਖਿਆ ਜਾ ਰਿਹਾ ਹੈ।ਕੀ ਭਗਵੰਤ ਸਰਕਾਰ ਇਹ ਵੇਖਣਾ ਚਾਹੁੰਦੀ ਹੈ ਕਿ ਜੋ ਪਹਿਲਾਂ ਭ੍ਰਿਸ਼ਟਾਚਾਰ ਵਾਲੇ ਵਿਅਕਤੀ ਸਨ। ਕੀ ਉਹਨਾਂ ਨੂੰ ਇਕ ਵਾਰ ਫਿਰ ਵੇਖੀਏ ਕਿ ਉਹ ਰਿਸ਼ਵਤ ਲੈਂਦੇ ਹਨ ਜਾਂ ਨਹੀਂ ? ਖੈਰ, ਹੁਣ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਅਹੁਦੇ ਤੋਂ ਲਾਹੁਣ ਅਤੇ ਉਸ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੀ ਸਿਆਸਤ ਨਵੇਂ ਦੌਰ ਵਿਚ ਦਾਖਲ ਹੋ ਗਈ ਹੈ। ਸਿਆਸਤਦਾਨਾਂ 'ਤੇ ਰਿਸ਼ਵਤਖੋਰੀ ਦੇ ਇਲਜ਼ਾਮ ਲੱਗਦੇ ਰਹੇ ਹਨ ਅਤੇ ਆਮ ਤੌਰ 'ਤੇ ਉਨ੍ਹਾਂ ਦਾ ਜਵਾਬ ਇਹੀ ਹੁੰਦਾ ਸੀ ਕਿ ਇਹ ਇਲਜ਼ਾਮ ਝੂਠੇ ਹਨ ਅਤੇ ਸਿਆਸਤ ਤੋਂ ਪ੍ਰੇਰਤ ਹਨ। ਲੋਕ ਅਤੇ ਵਿਰੋਧੀ ਪਾਰਟੀਆਂ ਆਵਾਜ਼ ਉਠਾਉਂਦੀਆਂ ਰਹਿ ਜਾਂਦੀਆਂ ਹਨ ਪਰ ਕੋਈ ਕਾਰਵਾਈ ਨਹੀਂ ਹੁੰਦੀ। ਪਿਛਲੇ ਸਮੇਂ ਦੌਰਾਨ ਬਥੇਰੇ ਸਿਆਸਤਦਾਨਾਂ ਅਤੇ ਮੁਲਾਜ਼ਮਾਂ ਉਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ ਅਤੇ ਉਨ੍ਹਾਂ ਨੇ ਜਾਇਦਾਦ ਤੇ ਪੈਸੇ ਵੀ ਬਥੇਰੇ ਇਕੱਠੇ ਕੀਤੇ ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਹੋਈ। ਹੁਣ ਵੀ ਲੋਕ ਸਰਕਾਰ ਦੇ ਇਸ ਫੈਸਲੇ ਦੀ ਇਸੇ ਕਰਕੇ ਤਾਰੀਫ ਕਰ ਰਹੇ ਹਨ ਕਿ ਜੇ ਰਵਾਇਤੀ ਪਾਰਟੀਆਂ ਵਿਚੋਂ ਕਿਸੇ ਦੀ ਸਰਕਾਰ ਹੁੰਦੀ ਤਾਂ ਅਜਿਹੀ ਕਾਰਵਾਈ ਨਹੀਂ ਸੀ ਕੀਤੀ ਜਾਣੀ। ਬਿਨਾਂ ਸ਼ੱਕ, ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਸਖਤ ਕਾਰਵਾਈ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਰਿਸ਼ਵਤਖੋਰੀ ਦਾ ਮੱਕੜਜਾਲ ਤੋੜਨ ਦੀ ਆਸ ਜਗਾਈ ਹੈ ਪਰ ਵੱਡਾ ਸਵਾਲ ਇਹੀ ਹੈ ਕਿ ਅਜਿਹੀ ਇਕ-ਅੱਧ ਕਾਰਵਾਈ ਨਾਲ ਰਿਸ਼ਵਤਖੋਰੀ ਦਾ ਫ਼ਾਹ ਵੱਢਿਆ ਜਾ ਸਕਦਾ ਹੈ? ਕੀ ਸੱਚਮੁੱਚ ਪੰਜਾਬ ਵਿਚ ਭ੍ਰਿਸ਼ਟਾਚਾਰ ਖਤਮ ਹੋ ਜਾਵੇਗਾ ਪਰ ਲਗਦਾ ਨਹੀਂ ?

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ (ਫਿਰੋਜ਼ਪੁਰ )*
*7589155501*

## ਨਿਹੰਗ ਭੇਸ ਵਿੱਚ ਗੁਰਦੁਆਰੇ ਅੰਦਰ ਦਾਖਲ ਹੁੰਦਾ ਨੌਜਵਾਨ ਕਾਬੂ

ਪਠਾਨਕੋਟ, 30 ਮਈ (ਪੋਸਟ ਬਿਊਰੋ)- ਗੁਰਦਾਸਪੁਰ ਰੋਡ ਉੱਤੇ ਇੱਕ ਗੁਰਦੁਆਰੇ ਵਿੱਚ ਨਿਹੰਗ ਸਿੰਘ ਦੇ ਰੂਪ ਵਿੱਚ ਦਾਖਲ ਹੋਏ ਇੱਕ ਨਾਬਾਲਗ ਨੂੰ ਸੰਗਤ ਤੇ ਗੁਰਦੁਆਰਾ ਪ੍ਰਬੰਧਕਾਂ ਨੇ ਫੜ ਕੇ ਪੁਲਸ ਹਵਾਲੇ ਕੀਤਾ ਹੈ।

ਇਸ ਨੌਜਵਾਨ ਤੋਂ ਪਹਿਲਾਂ ਗੁਰ-ਦੁਆਰਾ ਪ੍ਰਬੰਧਕਾਂ ਨੇ ਪੁੱਛਗਿੱਛ ਕੀਤੀ, ਪਰ ਉਸ ਨੇ ਕੁਝ ਨਹੀਂ ਦੱਸਿਆ। ਸੰਗਤ ਨੇ ਦੋਸ਼ ਲਾਇਆ ਕਿ ਇਸ ਨਾਬਾਲਗ ਨੌਜਵਾਨ ਦੇ ਕੇਸ ਨਹੀਂ ਹਨ, ਇਸ ਦੇ ਬਾਵਜੂਦ ਉਸ ਨੇ ਨਿਹੰਗ ਸਿੰਘਾਂ ਦੀ ਪੁਸ਼ਾਕ ਪਹਿਨੀ ਹੋਈ ਸੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਵੀ ਪ੍ਰੈਸ ਕਾਨਫਰੰਸ ਕਰ ਕੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ। ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਗੁੰਨਾ ਨੇ ਦੱਸਿਆ ਕਿ ਇਹ ਨੌਜਵਾਨ ਜਦੋਂ ਗੁਰ-ਦੁਆਰਾ ਸਾਹਿਬ ਆਇਆ ਤਾਂ ਉਲਟ ਦਿਸ਼ਾ ਵਿੱਚ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ। ਜਦੋਂ ਸੰਗਤ ਨੂੰ ਸ਼ੱਕ ਪਿਆ ਤਾਂ ਉਸ ਤੋਂ ਪੁੱਛਗਿੱਛ ਕੀਤੀ। ਜਦੋਂ ਉਸ ਨੇ ਕੁਝ ਨਾ ਕਿਹਾ ਤਾਂ ਸਖਤੀ ਨਾਲ ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਹ ਉਤਰ ਪ੍ਰਦੇਸ਼ ਦੇ ਪੀਲੀਭੀਤ ਦਾ ਵਸਨੀਕ ਹੈ। ਜਦੋਂ ਸੰਗਤ ਨੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਕ੍ਰਿਪਾਨ ਤੇ ਗਾਤਰਾ ਮਿਲਿਆ, ਪਰ ਉਸ ਦੇ ਕੇਸ ਨਹੀਂ ਸਨ, ਜਿਸ ਕਾਰਨ ਸੰਗਤ ਨੇ ਉਸ ਨੂੰ ਪੁਲਸ ਹਵਾਲੇ ਕਰ ਦਿੱਤਾ।

## ਮਜੀਠੀਏ ਅਤੇ ਨਵਜੋਤ ਸਿੱਧੂ ਨੂੰ ਹਰਾਉਣ ਵਾਲੀ ਵਿਧਾਇਕਾ ਨੂੰ ਜਾਨੋਂ ਮਾਰਨ ਦੀ ਧਮਕੀ

ਅੰਮ੍ਰਿਤਸਰ, 30 ਮਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਦਲਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਰਾਉਣ ਵਾਲੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਜੀਵਨਜੋਤ ਕੌਰ ਨੂੰ ਇੰਟਰਨੈਟ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਧਮਕੀ ਦੇਣ ਵਾਲੇ ਨੇ ਫੇਸਬੁੱਕ ਉੱਤੇ ਵਿਧਾਇਕਾ ਖਿਲਾਫ ਭੱਦੀ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਹੋਈ ਹੈ। ਵਿਧਾਇਕਾ ਜੀਵਨਜੋਤ ਕੌਰ ਨੇ ਇਸ ਸਬੰਧ ਵਿੱਚ ਪੰਜਾਬ ਪੁਲਸ ਦੇ ਡੀ ਜੀ ਪੀ ਅਤੇ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਹੈ।



ਇਸ ਦੀ ਮੁੱਢਲੀ ਜਾਂਚ ਪਿੱਛੋਂ ਪੁਲਸ ਨੇ ਛੇਹਰਟਾ ਦੇ ਨਾਰਾਇਣਗੜ੍ਹ ਖੇਤਰ ਦੇ ਪੈਰਡਾਈਜ਼ ਕਾਲੋਨੀ ਦੇ ਸਿਕੰਦਰ ਸਿੰਘ ਦੇ ਖਿਲਾਫ ਆਈ ਟੀ ਐਕਟ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਥਾਣਾ ਮਕਬੂਲਪੁਰਾ ਵਿੱਚ ਕੇਸ ਦਰਜ ਕਰ ਲਿਆਤੇ ਪੁਲਸ ਦਾ ਸਾਈਬਰ ਸੈਲ ਦੋਸ਼ੀ ਤਕ ਪੁੱਜਣ ਲਈ ਯਤਨਸ਼ੀਲ ਹੈ। ਪੁਲਸ ਕਮਿਸ਼ਨਰ ਦਾ ਦਾਅਵਾ ਹੈ ਕਿ ਦੋਸ਼ੀ ਛੇਤੀਗ੍ਰਿਫਤਾਰ ਕਰ ਲਿਆ ਜਾਵੇਗਾ। ਵਿਧਾਇਕਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਸਿਕੰਦਰ ਸਿੰਘ ਨਾਂਅ ਦੇ ਵਿਅਕਤੀ ਨੇ ਆਪਣੀ ਫੇਸਬੁਕਆਈ ਡੀ ਬਣਾਈ ਹੈ, ਜਿਸ ਰਾਹੀਂ ਉਨ੍ਹਾਂ ਉੱਤੇ ਭੱਦੀਆਂ ਅਤੇ ਅਸ਼ਲੀਲ ਟਿੱਪਣੀਆਂ ਕਰਦਾ ਹੈ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਉੱਤੇ ਵੀ ਟਿੱਪਣੀਆਂ ਕਰ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।

## ਐੱਨ ਏ ਐੱਸ ਨਤੀਜਿਆਂ ਉੱਤੇ ਮੀਤ ਹੇਅਰ ਨੇ ਕਿਹਾ: ਅੰਕੜੇ ਫਰਜ਼ੀ, ਜ਼ਮੀਨੀ ਹਕੀਕਤ ਬਿਲਕੁੱਲ ਵੱਖਰੀ

ਬਰਨਾਲਾ, 30 ਮਈ (ਪੋਸਟ ਬਿਊਰੋ)- ਪੰਜਾਬ ਦੇ ਖੇਡ ਅਤੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨੈਸ਼ਨਲ ਅਚੀਵਮੈਂਟ ਸਰਵੇ (ਐਨ ਏ ਐਸ) ਦੇ ਨਤੀਜਿਆਂ ਵਿੱਚ ਪੰਜਾਬ ਦੇ ਬੱਚਿਆਂ ਦੇ ਅੱਗੇ ਰਹਿਣ ਪਿੱਛੋਂ ਦਿੱਲੀ ਦੇ ਸਿੱਖਿਆ ਮਾਡਲ ਦੀ ਪੈਰਵੀ ਕੀਤੀ ਅਤੇ ਇਨ੍ਹਾਂ ਤੱਥਾਂ ਨੂੰ ਜ਼ਮੀਨੀ ਹਕੀਕਤ ਦੇ ਬਿਲਕੁੱਲ ਉਲਟ ਦੱਸਿਆ ਹੈ।



ਮੀਤ ਹੇਅਰ ਨੇ ਐਨ ਏ ਐਸ ਦੇ ਅੰਕੜਿਆਂ ਨੂੰ ਫਰਜ਼ੀ ਕਰਾਰ ਦਿੱਤਾ ਅਤੇ ਕੌਮੀ ਸਰਵੇਖਣ ਵਿੱਚ ਬੇਸ਼ੱਕ ਪੰਜਾਬ ਦੇ ਪਹਿਲੇ ਸਥਾਨ ਉੱਤੇ ਆਉਣ ਲਈ ਟੀਚਰਾਂਅਤੇ ਵਿਦਿਆਰਥੀਆਂ ਨੂੰ ਵਧਾਈ ਦੇ ਹੱਕਦਾਰ ਕਿਹਾ, ਪਰ ਸਰਵੇਖਣ ਦੇ ਕੁਝ ਅੰਕੜਿਆਂ ਉੱਤੇ ਇਤਰਾਜ਼ ਕੀਤਾ ਹੈ। ਪੰਜਾਬ ਦੀ ਨਵੀਂ ਸਰਕਾਰ ਵਿੱਚ ਸਿੱਖਿਆ ਵਿਭਾਗ ਸਾਂਭਣ ਦੇ ਤਜਰਬੇ ਬਾਰੇ ਦੱਸਦਿਆਂ ਮੀਤ ਹੇਅਰ ਨੇ ਕਿਹਾ ਕਿ ਅਜੇ ਤਕ ਪੰਜਾਬ ਵਿੱਚ ਚੰਗੀ ਸਿੱਖਿਆ ਦੀ ਥਾਂ ਗਿਣਤੀ ਵਧਾਉਣ ਦੀ ਖੇਡ ਉੱਤੇ ਜ਼ਿਆਦਾ ਕੰਮ ਹੋਇਆ ਹੈ। ਵਿਭਾਗ ਦੀਆਂ ਵੱਖ-ਵੱਖ ਮੀਟਿੰਗ ਵਿੱਚ ਹਿੱਸਾ ਲੈਣ ਉੱਤੇ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਅਜੇ ਤਕ ਸਕੂਲਾਂ ਦੇ ਟੀਚਰਾਂ ਉੱਤੇ ਬੇਸਲਾਈਨ ਅਸੈਸਮੈਂਟ ਨਾਲ ਖਿਲਵਾੜ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ। ਸਕੂਲਾਂ ਦੇ ਨਿਰੀਖਣ ਵੇਲੇ ਕੁਝ ਅਜਿਹੇ ਵਿਦਿਆਰਥੀ ਮਿਲੇ, ਜੋ ਸਿਰਫ ਕਿਤਾਬ ਦੀ ਇੱਕ ਲਾਈਨ ਪੜ੍ਹ ਸਕਦੇ ਹਨ, ਪਰ ਉਨ੍ਹਾਂ ਨੂੰ ਸੱਠ ਫੀਸਦੀ ਤੋਂ ਵੱਧ ਨੰਬਰ ਮਿਲੇ ਹੋਏ ਹਨ ਤੇ ਅਜੇ ਸਰਕਾਰ ਕੋਲ ਸਕੂਲਾਂ ਦੀ ਜ਼ਮੀਨੀ ਹਕੀਕਤ ਬਾਰੇ ਕੋਈ ਪੱਕੀ ਰਿਪੋਰਟ ਹੀ ਨਹੀਂ ਹੈ।ਉਨ੍ਹਾਂ ਕਿਹਾ ਕਿ ਇਹ ਕਹਿਣਾ ਠੀਕ ਨਹੀਂ ਕਿ ਸੂਬੇ ਦੇ ਸਕੂਲਾਂ ਨੂੰ ਸੁਧਾਰਨ ਵਿਚ ਟੀਚਰ ਕੋਸ਼ਿਸ਼ ਨਹੀਂ ਕਰਦੇ। ਕੁਝ ਸਕੂਲਾਂ ਵਿੱਚ ਉਹ ਆਪਣੇ ਪੱਧਰ ਉੱਤੇ ਕੰਮ ਕਰ ਰਹੇ ਹਨ। ਇੱਥੋਂ ਤਕ ਕਿ ਉਹ ਸਕੂਲ ਕੰਪਲੈਕਸ ਦੀ ਖੁਦ ਹੀ ਸਫਾਈ ਕਰ ਰਹੇ ਹਨ। ਸਾਡੇ ਕੋਲ ਕੁਝ ਸਕੂਲਾਂ ਦੀਆਂ ਚੰਗੀਆਂ ਮਿਸਾਲਾਂ ਹਨ, ਫਿਰ ਵੀ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ਉੱਤੇ ਸੁਧਾਰ ਦੀ ਲੋੜ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ 19500 ਦੇ ਕਰੀਬ ਸਕੂਲ ਹਨ ਅਤੇ ਤਾਜ਼ਾ ਨੈਸ਼ਨਲ ਅਚੀਵਮੈਂਟ ਸਰਵੇ ਵਿੱਚ ਪੰਜਾਬ ਦੇ ਸਿਰਫ 3656 ਸਕੂਲਾਂ ਦਾ ਮੁਲਾਂਕਣ ਕੀਤਾ ਗਿਆ ਸੀ। ਇਹ ਸਰਵੇਖਣ ਪ੍ਰਕਿਰਿਆ ਵੀ ਸਵਾਲ ਖੜ੍ਹੇ ਕਰਦੀ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਕਿਹਾ ਕਿ ਈ ਟੀ ਟੀ ਟੀਚਰਾਂ ਦੀਆਂ 29941 ਪੋਸਟਾਂਵਿੱਚੋਂ ਘੱਟੋ-ਘੱਟ 15000 ਖਾਲੀ ਹਨ, ਇਸ ਲਈ ਸਰਵੇਖਣ ਦੇ ਅੰਕੜਿਆਂ ਉੱਤੇ ਸਵਾਲ ਉਠਣੇ ਲਾਜ਼ਮੀ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕੋਰੋਨਾ ਕਾਲ ਵਿੱਚ ਚੋਖਾ ਸਮਾਂ ਸਕੂਲ ਬੰਦ ਰਹੇ ਤੇ ਉਸ ਦੌਰ ਵਿੱਚ ਸਿੱਖਿਆ ਦਾ ਹਾਲ ਕਿਸੇ ਤੋਂ ਲੁਕਿਆ ਨਹੀਂ। ਪਿਛਲੇ ਕੁਝ ਸਮੇਂ ਤੋਂ ਜਾਅਲੀ ਅੰਕੜਿਆਂ ਦੀ ਖੇਡ ਬਹੁਤ ਚੱਲੀ ਤੇ ਜ਼ਮੀਨੀ ਪੱਧਰ ਉੱਤੇ ਹਾਲਾਤ ਹੋਰ ਹਨ। ਇਸ ਲਈ ਜ਼ਰੂਰੀ ਹੈ ਕਿ ਸਿੱਖਿਆ ਦੇ ਸੰਵਿਧਾਨਕ ਢਾਂਚੇ ਮੁਤਾਬਕ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ।

## ਸੰਗਰੂਰ ਉੱਪ ਚੋਣ ਮੌਕੇ ਡੇਰਾ ਸਿਰਸਾ ਦੇ ਪ੍ਰੇਮੀਆਂ ਵੱਲੋਂ ਇਕੱਠ

ਸੰਗਰੂਰ, 30 ਮਈ (ਪੋਸਟ ਬਿਊਰੋ)- ਇੱਥੇ ਡੇਰਾ ਸੱਚਾ ਸੌਦਾ ਸਿਰਸਾ ਦੇ ਰਾਜਨੀਤਕ ਵਿੰਗ ਦੀ ਅਗਵਾਈ ਹੇਠ ਕੱਲ੍ਹ ਹਜ਼ਾਰਾਂ ਦੀ ਗਿਣਤੀ ਵਿੱਚ ਜੁੜੇ ਡੇਰਾ ਪ੍ਰੇਮੀਆਂ ਨੇ ਹੱਥ ਖੜ੍ਹੇ ਕਰ ਕੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਕੱਲ੍ਹ ਏਥੇ ਜੁੜੇ ਇਕੱਠ ਨੂੰ ਡੇਰਾ ਸਿਰਸਾ ਦੇ ਪ੍ਰਬੰਧਕਾਂ ਨੇ ਜ਼ਿਲ੍ਹਾ ਪੱਧਰੀ ਨਾਮ ਚਰਚਾ ਕਿਹਾ ਹੈ, ਪਰ ਸਿਆਸੀ ਹਲਕਿਆਂ ਵਿੱਚ ਡੇਰਾ ਪ੍ਰੇਮੀਆਂ ਦੇ ਸ਼ਕਤੀ ਪ੍ਰਦਰਸ਼ਨ ਨੂੰ ਸੰਗਰੂਰ ਲੋਕ ਸਭਾ ਉੱਪ ਚੋਣ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਡੇਰਾ ਸਿਰਸਾ ਦੇ ਰਾਜਸੀ ਵਿੰਗ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ ਉੱਤੇ ਚਿੰਤਾ ਪ੍ਰਗਟ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਡੇਰਾ ਸਿਰਸਾ ਦੇ ਰਾਜਸੀ ਵਿੰਗ ਦੇ ਮੈਂਬਰ ਰਾਮ ਸਿੰਘ ਅਸਪਾਲ ਕਲਾਂ ਨੇ ਪੰਜਾਬ ਸਰਕਾਰ ਨੂੰ ਪੇਸ਼ਕਸ਼ ਕੀਤੀ ਕਿ ਜੇ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਪੁੱਟਣਾ ਚਾਹੁੰਦੀ ਹੈ ਤਾਂ ਡੇਰਾ ਸੱਚਾ ਸੌਦਾ ਹਰ ਪੱਧਰ ਉੱਤੇ ਸਰਕਾਰ ਦੀ ਮਦਦ ਲਈ ਤਿਆਰ ਹੈ। ਲੋਕ ਸਭਾ ਉੱਪ ਚੋਣ ਵਿੱਚ ਡੇਰਾ ਪ੍ਰੇਮੀਆਂ ਦੀ ਭੂਮਿਕਾ ਬਾਰੇ ਰਾਮ ਸਿੰਘ ਨੇ ਕਿਹਾ ਕਿ ਰਾਜਸੀ ਵਿੰਗ ਵੱਲੋਂ ਮੀਟਿੰਗਾਂ ਕਰ ਕੇ ਸੰਗਤ ਦੀ ਰਾਇ ਲੈਣ ਪਿੱਛੋਂ ਇਕਜੁੱਟਤਾ ਨਾਲ ਹੀ ਫੈਸਲਾ ਲਿਆ ਜਾਏਗਾ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਜਿਸ ਤਰ੍ਹਾਂ ਦੇ ਬਣੇ ਹੋਏ ਹਨ, ਉਸ ਤੋਂ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਉਪਰ ਸਵਾਲ ਖੜ੍ਹਾ ਹੁੰਦਾ ਹੈ, ਪੰਜਾਬ ਵਿੱਚ ਨਸ਼ਿਆਂ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਹਨ।



## ਬੀਰ ਦਵਿੰਦਰ ਨੇ ਕਿਹਾ: ਕੈਪਟਨ ਅਮਰਿੰਦਰ ਦੇ ਭ੍ਰਿਸ਼ਟਾਚਾਰ ਦੀਆਂ ਫਾਈਲਾਂ ਭਗਵੰਤ ਮਾਨ ਨੂੰ ਮੈਂ ਦੇਵਾਂਗਾ

ਲੁਧਿਆਣਾ, 30 ਮਈ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਵਿਰੁੱਧ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਕੇਸ ਦੀਆਂ ਫਾਈਲਾਂ ਚਾਹੇ ਵਿਜੀਲੈਂਸ ਦੇ ਕੋਲ ਹਨ, ਪਰ ਮੈਂ ਸਬੂਤ ਸਹਿਤ ਭ੍ਰਿਸ਼ਟਾਚਾਰ ਦੀਆਂ ਇਹ ਫਾਈਲਾਂ ਜਲਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦੇਣ ਵਾਲਾ ਹਾਂ, ਤਾਂਕਿ ਬਾਦਲਾਂ ਦੇ ਨਾਲ ਮਿਲ ਕੇ ਕੀਤੇ ਗਏ ਭ੍ਰਿਸ਼ਟਾਚਾਰ ਦੇ ਕੇਸ ਨੂੰ ਦਬਾਉਣ ਦੇ ਮਾਮਲੇ ਦੀ ਸਚਾਈ ਸਾਹਮਣੇ ਆ ਸਕੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ।



ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਬਾਦਲਾਂ ਅਤੇ ਕੈਪਟਨ ਵੱਲੋਂ ਮਿਲ ਕੇ ਖੇਡੀ ਭ੍ਰਿਸ਼ਟਾਚਾਰ ਦੀ ਖੇਡ ਤੋਂ ਪਰਦਾ ਉਠਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵੱਡੇ ਅਫ਼ਸਰਾਂ ਦੇ ਮੁੱਕਰ ਜਾਣ, ਬਾਦਲਾਂ ਦੇ ਬਰੀ ਹੋਣ ਤੇ ਕੈਪਟਨ ਵਿਰੁੱਧ ਕੇਸ ਵਾਪਸ ਲੈਣ ਦੀ ਗਹਿਰਾਈ ਤਕ ਜਾਂਚ ਕਰਨਾ ਭਗਵੰਤ ਮਾਨ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਨੇ ਸਵਾਲ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੋ ਆਪਣੇ ਸਾਬਕਾ ਮੰਤਰੀਆਂ ਦੀਆਂ ਭ੍ਰਿਸ਼ਟਾਚਾਰ ਦੀਆਂ ਫਾਈਲਾਂ ਦੇਣ ਦੀ ਗੱਲ ਕਹੀ ਹੈ,ਉਸ ਨੇ ਖੁਦ ਮੁੱਖ ਮੰਤਰੀ ਰਹਿੰਦੇ ਹੋਏ ਉਨ੍ਹਾਂ ਉੱਤੇ ਕਾਰਵਾਈ ਕਿਉਂ ਨਹੀਂ ਕੀਤੀ, ਇਸ ਲਈ ਉਹ ਬਰਾਬਰ ਦਾਦੋਸ਼ੀ ਹੈ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਉਹ ਭਗਵੰਤ ਮਾਨ ਤੋਂ ਸਮੇਂ ਲੈ ਕੇ ਸਭ ਕੁਝ ਉਨ੍ਹਾਂ ਦੇ ਸਾਹਮਣੇ ਰੱਖਣਗੇ ਅਤੇ ਪੂਰੀ ਇਮਾਨਦਾਰੀ ਨਾਲ ਇਸ ਦੀ ਜਾਂਚ ਕਰਵਾਉਣਗੇ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca   website: www.steinmetzlawyers.ca


## ਡਾਕਟਰ ਨੂੰ ਦਾਤਰ ਦਿਖਾ ਕੇ ਐਕਟਿਵਾ ਖੋਹਣ ਵਾਲਾ ਗ੍ਰਿਫਤਾਰ


### * 16 ਕੇਸਾਂ ਵਿੱਚ ਭਗੌੜਾ ਦੋ ਵਾਰ ਥਾਣੇ ਤੋਂ ਹੋ ਫਰਾਰ ਚੁੱਕੈ

ਕਰਤਾਰਪੁਰ, 30 ਮਈ (ਪੋਸਟ ਬਿਊਰੋ)- ਏਥੋਂ ਦੀ ਪੁਲਸ ਨੇ ਵੱਖ-ਵੱਖ ਅਪਰਾਧਕ ਕੇਸਾਂ ਵਿੱਚ ਭਗੌੜੇ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੀ ਪਛਾਣ ਧਰਮਿੰਦਰ ਸਿੰਘ ਉਰਫ ਸੁਰਜੀਤ ਵਾਸੀ ਆਲਮਪੁਰ ਬੱਕਾ ਥਾਣਾ ਕਰਤਾਰਪੁਰ (ਹਾਲ ਵਾਸੀ ਮਕਾਨ ਨੰਬਰ 81 ਕਾਕੀ ਪਿੰਡ ਥਾਣਾ ਰਾਮਾਮੰਡੀ ਜ਼ਿਲ੍ਹਾ ਜਲੰਧਰ) ਵਜੋਂ ਹੋਈ ਹੈ। ਉਸ ਦੇ ਖਿਲਾਫ ਵੱਖ-ਵੱਖ ਥਾਣਿਆਂ ਵਿੱਚ 18 ਕੇਸ ਪਹਿਲਾਂ ਤੋਂ ਦਰਜ ਹਨ। ਇਨ੍ਹਾਂ ਵਿੱਚੋਂ 16 ਕੇਸਾਂ ਵਿੱਚ ਉਹ ਭਗੌੜਾ ਸੀ ਅਤੇਉਹ ਇਸ ਤੋਂ ਪਹਿਲਾਂ ਥਾਣਾ ਤਰਨ ਤਾਰਨ ਤੇ ਥਾਣਾ ਭੁਲੱਥ ਪੁਲਸ ਦੀ ਹਿਰਾਸਤ ਵਿੱਚੋਂ ਫਰਾਰ ਹੋ ਚੁੱਕਾ ਹੈ। ਬੀਤੇ ਦਿਨੀਂ ਧਰਮਿੰਦਰ ਨੇ ਕਰਤਾਰਪੁਰ ਦੇ ਬਾਰਾਦਰੀ ਬਾਜ਼ਾਰ ਵਿੱਚ ਦਾਤਰ ਦੀ ਨੋਕ ਉੱਤੇ ਡਾਕਟਰ ਤੋਂ ਦਿਨ ਦਿਹਾੜੇ ਐਕਟਿਵਾ ਖੋਹੀ ਸੀ ਅਤੇ ਜਦੋਂ ਉਹ ਕਿਸੇ ਹੋਰ ਵਾਰਦਾਤ ਲਈ ਜਾ ਰਿਹਾ ਹੈ ਤਾਂ ਪੁਲਸ ਨੇ ਉਸ ਨੂੰ ਆਰੀਆ ਨਗਰ ਨੇੜਿਓਂ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਬਿਨਾਂ ਨੰਬਰ ਦਾ ਇੱਕ ਮੋਟਰ ਸਾਈਕਲ ਹੀਰੋ ਐਕਸਟ੍ਰੀਮ, ਇੱਕ ਮੋਟਰ ਸਾਈਕਲ ਪਲਸ 220 ਸੀ ਸੀ, ਇੱਕ ਐਕਟਿਵਾ ਅਤੇ ਲੋਹੇ ਦਾ ਦਾਤਰ ਮਿਲਿਆ ਹੈ। ਉਸ ਉੱਤੇ ਪਹਿਲਾਂ ਥਾਣਾ ਕਰਤਾਰਪੁਰ, ਮਕਸੂਦਾਂ, ਸੁਭਾਨਪੁਰ, ਤਰਨ ਤਾਰਨ, ਕਪੂਰਥਲਾ, ਭੁਲੱਥ, ਜੰਮੂ, ਹਰਿਆਣਾ ਤੇ ਮਹਾਰਾਸ਼ਟਰ ਵਿੱਚ ਕੁੱਲ 18 ਕੇਸ ਦਰਜ ਹਨ ਜਿਸ ਵਿੱਚੋਂ 16 ਵਿੱਚ ਉਹ ਭਗੌੜਾ ਚੱਲ ਰਿਹਾ ਹੈ।

## ਜੇਲ੍ਹ ਵਿੱਚ ਮੋਬਾਈਲ ਵਰਤਣ ਕਾਰਨ ਜਗਦੀਸ਼ ਭੋਲੇ ਨੂੰ ਗੁਰਦਾਸਪੁਰ ਜੇਲ੍ਹ ਵਿੱਚ ਲਿਆਂਦਾ ਗਿਆ

ਗੁਰਦਾਸਪੁਰ, 30 ਮਈ (ਪੋਸਟ ਬਿਊਰੋ)- ਆਈਸ ਡਰੱਗਜ਼ ਤਸਕਰੀ ਦੇ ਕੇਸ ਵਿੱਚ ਕੇਂਦਰੀ ਜੇਲ੍ਹ ਵਿੱਚ ਬੰਦ ਜਗਦੀਸ਼ ਭੋਲਾ ਨੂੰ ਸੁਰੱਖਿਆ ਕਾਰਨਾਂ ਕਰ ਕੇ ਗੁਰਦਾਸਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਜਗਦੀਸ਼ ਭੋਲਾ ਤੋਂ ਜੇਲ੍ਹ ਵਿੱਚ ਮੋਬਾਈਲ ਮਿਲਣ ਤੋਂ ਬਾਅਦ ਉਸ ਦੇ ਖਿਲਾਫ ਥਾਣਾ ਤ੍ਰਿਪੜੀ ਵਿੱਚ ਕੇਸ ਦਰਜ ਕਰ ਕੇ ਸ਼ਨੀਵਾਰ ਨੂੰ ਉਸ ਦੀ ਜੇਲ੍ਹ ਬਦਲ ਦਿੱਤੀ ਗਈ ਹੈ। ਗੁਰਦਾ-ਸਪੁਰ ਜੇਲ੍ਹ ਦੇ ਸੁਪਰਡੈਂਟ ਰਜਿੰਦਰ ਸਿੰਘ ਹੁੰਦਲ ਨੇ ਦੱਸਿਆ ਕਿ ਭੋਲਾ ਇਸ ਸਮੇਂ ਗੁਰਦਾਸਪੁਰ ਜੇਲ੍ਹ ਵਿੱਚ ਬੰਦ ਹੈ, ਉਹ ਪਟਿਆਲੇ ਤੋਂ ਬਦਲ ਕੇ ਲਿਆਂਦਾ ਗਿਆ ਹੈ। ਜਗਦੀਸ਼ ਭੋਲੇ ਵੱਲੋਂ ਜੇਲ੍ਹ ਵਿੱਚ ਲੰਬੇ ਸਮੇਂ ਤੋਂ ਫੋਨ ਵਰਣ ਦੇ ਬਾਵਜੂਦ ਪ੍ਰਬੰਧਕਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਨਵੇਂ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ ਨੂੰ ਅਹੁਦਾ ਸੰਭਾਲਣ ਦੇ ਕੁਝ ਦਿਨਾਂ ਬਾਅਦ ਭਿਣਕ ਲੱਗ ਗਈ ਸੀ।



ਮਿਲੀ ਜਾਣਕਾਰੀ ਮੁਤਾਬਕ ਕੇਂਦਰੀ ਜੇਲ੍ਹ ਪਟਿਆਲਾ ਦੀ ਕੰਧ ਤੋਂ ਅਕਸਰ ਪੈਕੇਟ ਵਿੱਚ ਫੋਨ ਉੱਤੇ ਨਸ਼ਾ ਸੁੱਟਣ ਦੇ ਮਾਮਲੇ ਸਾਹਮਣੇ ਆ ਰਹੇ ਸਨ ਅਤੇ ਜੇਲ੍ਹ ਅੰਦਰ ਫੋਨ ਵੀ ਪੈਕੇਟ ਰਾਹੀਂ ਸੁੱਟੇ ਜਾਂਦੇ ਹਨ ਜਾਂ ਜੇਲ੍ਹ ਸਟਾਫ ਨਾਲ ਮਿਲ ਕੇ ਏਦਾਂ ਕੀਤਾ ਜਾਂਦਾ ਸੀ। ਭੋਲੇ ਤਕ ਫੋਨ ਪੁਚਾਉਣ ਉੱਤੇ ਇਸ ਫੋਨ ਨੂੰ ਵਰਤਣ ਦੀ ਗੱਲ ਲੁਕਾਉਣ ਵਾਲਿਆਂ ਤਕ ਪਹੁੰਚ ਲਈ ਸਰਬਜੀਤ ਤੋਂ ਪੁੱਛਗਿੱਛ ਕੀਤੀ ਜਾ ਸਕਦੀ ਹੈ, ਜਿਹੜਾ ਜਾਅਲੀ ਦਸਖਤ ਕਰ ਕੇ ਤਰੱਖੀਆਂ ਦੇ ਦੇਣ ਦੇ ਕੇਸ ਵਿੱਚ ਜੇਲ੍ਹ ਵਿੱਚ ਲਿਆਂਦਾ ਗਿਆ ਹੈ। ਥਾਣਾ ਇੰਚਾਰਜ ਨੇ ਕਿਹਾ ਕਿ ਪ੍ਰੋਡਕਸ਼ਨ ਵਾਰੰਟ ਦੌਰਾਨ ਮਾਮਲੇ ਦਾ ਖੁਲਾਸਾ ਹੋਵੇਗਾ, ਜਿਸ ਲਈ ਸੀਨੀਅਰ ਅਧਿਕਾਰੀ ਇਨ੍ਹਾਂ ਦੋਸ਼ੀਆ ਤੋਂ ਪੁੱਛਗਿੱਛ ਕਰਨਗੇ।

ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸਿਧਾਰਥ ਚੱਟੋਪਾਧਿਆਏ ਦੇ ਜਾਅਲੀ ਦਸਖਤ ਕਰ ਕੇ 11 ਪੁਲਸ ਵਾਲਿਆਂ ਦੀ ਤਰੱਕੀ ਦੇ ਕੇਸ ਵਿੱਚ ਸਰਬਜੀਤ ਸਿੰਘ ਨਾਮਜ਼ਦ ਹੈ। ਮੋਹਾਲੀ ਦੇ ਸਾਈਬਰ ਸੈਲ ਵਿੱਚ ਤੈਨਾਤ ਇੰਸਪੈਕਟਰ ਸਤਵੰਤ ਸਿੰਘ ਤੇ ਸਸਪੈਂਡਿਡ ਏ ਐਸ ਆਈ ਸਰਬਜੀਤ ਸਿੰਘ ਨੂੰ ਜਨਵਰੀ 2022 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਪਹਿਲਾਂ ਮੋਹਾਲੀ ਫੇਜ਼-6 ਦੇ ਸੰਦੀਪ ਕੁਮਾਰ (55), ਮਨੀ ਕਟੋਚ (33), ਚੰਡੀਗੜ੍ਹ ਸੈਕਟਰ-39 ਵਾਸੀ ਬਹਾਦਰ ਸਿੰਘ (52), ਮੋਹਾਲੀ ਦੇ ਥ੍ਰੀ ਬੀ ਟੂ ਵਾਸੀ ਸਰਬਜੀਤ ਸਿੰਘ (47) ਤੇ ਫਾਜ਼ਿਲਕਾ ਵਾਸੀ ਸਤਵੰਤ ਸਿੰਘ (46) ਨੂੰ ਐਸ ਆਈ ਟੀ ਗ੍ਰਿਫਤਾਰ ਚੁੱਕੀ ਹੈ ਅਤੇ ਅਜੇ ਇਸ ਦੀ ਜਾਂਚ ਚੱਲ ਰਹੀ ਹੈ।

## ਸੱਤ ਹਜ਼ਾਰ ਲੀਟਰ ਮਿਲਾਵਟੀ ਪੈਟਰੋਲ ਤੇ ਇਥੈਨੋਲ ਸਮੇਤ ਇੱਕ ਕਾਬੂ

ਸੰਗਰੂਰ, 30 ਮਈ (ਪੋਸਟ ਬਿਊਰੋ)- ਮਿਲਾਵਟੀ ਪੈਟਰੋਲ ਤੇ ਇਥੈਨੋਲ ਬਰਾਮਦਗੀ ਦੇ ਮਾਮਲੇ ਵਿੱਚ ਪੁਲਸ ਦੇ ਹੱਥ ਇੱਕ ਹੋਰ ਸਫਲਤਾ ਲੱਗੀ ਹੈ। ਸੰਗਰੂਰ ਸਦਰ ਥਾਣੇ ਦੀ ਪੁਲਸ ਨੇ ਮਹਿਲਾਂ ਰੋਡ ਉੱਤੇ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਤੇਲ ਡੰਪ ਦੇ ਨਾਲ ਲੱਗਦੇ ਪਿੰਡ ਕੰਮੋਮਾਜਰਾ ਤੋਂ ਮਿਲਾਵਟੀ ਪੈਟਰੋਲ ਤੇ ਇਥੈਨੋਲ ਬਰਾਮਦ ਕੀਤਾ ਹੈ। ਇੱਥੋਂ ਸੱਤ ਹਜ਼ਾਰ ਲੀਟਰ ਮਿਲਾਵਟੀ ਪੈਟਰੋਲ ਤੇ ਇਥੈਨੋਲ ਦੀ ਬਰਾਮਦਗੀ ਕੀਤਾ ਅਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਉਸ ਦਾ ਇੱਕ ਸਾਥੀ ਫਰਾਰ ਹੈ, ਜਿਸ ਦੀ ਪੁਲਸ ਵੱਲੋਂ ਭਾਲ ਜਾਰੀ ਹੈ।

ਵਰਨਣਯੋਗ ਹੈ ਕਿ ਪੁਲਸ ਨੇ 26 ਮਈ ਨੂੰ ਆਈ ਓ ਸੀ ਡੰਪ ਨੇੜੇ ਤਿੰਨ ਢਾਬਿਆਂ ਅਤੇ ਕੰਮੋਮਾਜਰਾ ਪਿੰਡ ਦੇ ਤਿੰਨ ਟਿਕਾਣਿਆਂ ਉੱਤੇ ਛਾਪੇਮਾਰ ਕੇ ਸਾਢੇ ਅੱਠ ਹਜ਼ਾਰ ਲੀਟਰ ਪੈਟਰੋਲ, ਡੀਜ਼ਲ ਅਤੇ ਇਥੈਨੋਲ ਬਰਾਮਦ ਕੀਤਾ ਅਤੇਇੱਕ ਕਾਂਗਰਸੀ ਨੇਤਾ ਸਮੇਤ ਛੇ ਜਣਿਆਂ ਖਿਲਾਫ ਕੇਸ ਦਰਜ ਕੀਤਾ ਸੀ।ਜਾਂਚ ਨੂੰ ਅੱਗੇ ਵਧਾਉਂਦੇ ਹੋਏ ਸ਼ਨੀਵਾਰ ਰਾਤ ਪੁਲਸ ਨੇ ਕੰਮੋਮਾਜਰਾ ਕਲਾਂ ਪਿੰਡ ਵਿੱਚ ਉਥੋਂ ਦੇ ਵਾਸੀ ਗੁਰਨਾਮ ਸਿੰਘ ਨੂੰ ਗ੍ਰਿਫਤਾਰ ਕੀਤਾ। ਉਸ ਦਾ ਸਾਥੀ ਵਿਕਰਮ ਸਿੰਘ ਉਰਫ ਵਿੱਕੀ ਫਰਾਰ ਹੋ ਗਿਆ। ਪੁਲਸ ਨੇ ਇੱਥੋਂ ਤੇਲ ਦੇ ਤਿੰਨ ਟੈਂਕਰ, 11000 ਲੀਟਰ ਪੈਟਰੋਲ, 4000 ਲੀਟਰ ਮਿਲਾਵਟੀ ਪੈਟਰੋਲ ਤੇ 3000 ਇਥੈਨੋਲ ਬਰਾਮਦ ਕੀਤਾ। ਵਿਕਰਮ ਸਿੰਘ ਵਿੱਕੀ ਤੇ ਗੁਰਨਾਮ ਸਿੰਘ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾਗਿਆ ਹੈ। ਗੁਰਨਾਮ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਵਿਕਰਮ ਦੀ ਤਲਾਸ਼ ਕੀਤੀ ਜਾ ਰਹੀ ਹੈ। ਬੀਤੇ ਦਿਨ ਦਰਜ ਕੀਤੇ ਗਏ ਛੇ ਮਾਮਲਿਆਂ ਵਿੱਚੋਂ ਨਾਮਜ਼ਦ ਰਕੀਬ ਉਰਫ ਮਾਮੂ ਵਾਸੀ ਗੋਗੜ ਬਵਾਨੀਆ, ਜ਼ਿਲ੍ਹਾ ਪੂਰਣੀਆ ਬਿਹਾਰ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

### ਕਰਨਾਟਕ ਹਾਈ ਕੋਰਟ ਦੇ ਨਿਰਦੇਸ਼:

## ਨੇਤਾਵਾਂ ਖਿਲਾਫ ਅਪਰਾਧਾਂ ਦੇ ਕੇਸਾਂ 90 ਦਿਨਾਂ ਵਿੱਚ ਨਿਬੇੜੋ

*** ਛੋਟੇ ਕੇਸਾਂ ਦੇ ਨਿਪਟਾਰੇ ਲਈ 60 ਦਿਨਾਂ ਦੀ ਹੱਦ ਮਿਥੀ**



ਬੰਗਲੌਰ, 30 ਮਈ (ਪੋਸਟ ਬਿਊਰੋ)- ਕਰਨਾਟਕ ਹਾਈ ਕੋਰਟ ਨੇ ਨੇਤਾਵਾਂ ਤੇ ਪ੍ਰਭਾਵਸ਼ਾਲੀ ਲੋਕਾਂ ਖਿਲਾਫ ਅਪਰਾਧਕ ਕੇਸਾਂ ਦੇ ਤੁਰੰਤ ਨਿਪਟਾਰੇ ਲਈ ਅੰਤ੍ਰਿਮ ਹੁਕਮ ਰਾਹੀਂ 11 ਨਿਰਦੇਸ਼ ਜਾਰੀ ਕੀਤੇ ਤੇ ਗੰਭੀਰ ਜੁਰਮਾਂ ਲਈ 90 ਦਿਨ ਦੀ ਸਮਾਂ-ਹੱਦ ਤੇ ਸ਼ਿਕਾਇਤਕਰਤਾਵਾਂ ਲਈ ਗਵਾਹ ਸੁਰੱਖਿਆ ਯੋਜਨਾ ਨੂੰ ਲਾਗੂ ਕਰਨਾ ਸ਼ਾਮਲ ਕੀਤਾ ਹੈ।

ਜਸਟਿਸ ਐਸ ਸੁਨੀਲ ਦੱਤ ਯਾਦਵ ਨੇ ਛੋਟੇ-ਮੋਟੇ ਅਪਰਾਧਾਂ ਲਈ 60 ਦਿਨਾਂਅਤੇ ਗੰਭੀਰ ਅਪਰਾਧਾਂ ਲਈ 90 ਦਿਨਾਂ ਦੀ ਸਮਾਂ-ਸੀਮਾ ਮਿਥੀ ਹੈ। ਜੇ ਜਾਂਚ ਏਜੰਸੀ ਜਾਇਜ਼ ਕਾਰਨਾਂ ਨਾਲ ਇਸ ਦੀ ਮੰਗ ਕਰੇ ਤਾਂ ਮੈਜਿਸਟਰੇਟ ਅਤੇ ਜੱਜ ਇਸ ਸਮਾਂ ਸੀਮਾ ਨੂੰ ਵਧਾ ਸਕਦੇ ਹਨ। ਹੋਰ ਨਿਰਦੇਸ਼ਾਂ ਵਿੱਚ ਹਾਈ ਕੋਰਟ ਨੇ ਕਿਹਾ ਕਿ ਜਾਂਚਕਰਤਾ ਪੁਲਸ ਨੂੰ ਮੁਲਜ਼ਮ ਵੱਲੋਂ ਜਾਂਚ ਵਿੱਚ ਦਿੱਤੇ ਕਿਸੇ ਵੀ ਤਰ੍ਹਾਂ ਦੇ ਦਖਲ ਤੇ ਜਾਂਚ ਵਿੱਚ ਅੜਚਣ ਦੀ ਜਾਣਕਾਰੀ ਅਦਾਲਤ ਨੂੰ ਦੇਣੀ ਚਾਹੀਦੀ ਹੈ। ਹਾਈ ਕੋਰਟ ਨੇ ਕਿਹਾ ਕਿ ਸੂਬਾ ਸਰਕਾਰ ਵਿਸ਼ੇਸ਼ ਅਦਾਲਤ ਵਿੱਚ ਯੋਗ ਸਰਕਾਰੀ ਵਕੀਲ ਨਿਯੁਕਤ ਕਰੇ, ਜਿਹੜੇ ਇਨ੍ਹਾਂ ਕੇਸਾਂ ਨਾਲ ਨਜਿੱਠਣ ਦੇ ਮਾਹਰ ਹੋਣ। ਅਦਾਲਤ ਨੇ ਕਰਨ-ਾਟਕ ਵਿਚਲੇ ਅਸੁਰੱਖਿਅਤ ਗਵਾਹਾਂ ਅਤੇ ਪੇਸ਼ੀ ਕੰਪਲੈਕਸਾਂ ਦੀ ਸੂਚੀ ਵੀ ਮੰਗੀ ਤੇ ਕਿਹਾ ਕਿ ਸਰਕਾਰ ਤੁਰੰਤ ਦੂਜੀ ਵਿਸ਼ੇਸ਼ ਅਦਾਲਤ ਦੀ ਸਥਾਪਨਾ ਨੂੰ ਮਨਜ਼ੂਰੀ ਦੇਵੇ।

ਹਾਈ ਕੋਰਟ ਨੇ ਸੁਜੀਤ ਮੁਲਗੁੰਡ ਨਾਂਅ ਦੇ ਵਿਅਕਤੀ ਦੀ ਪਟੀਸ਼ਨ ਉੱਤੇ 17 ਮਈ ਨੂੰ ਇਹ ਹੁਕਮ ਜਾਰੀ ਕੀਤੇ। ਪਟੀਸ਼ਨ ਵਿੱਚ ਸੁਜੀਤ ਨੇ ਦੋ ਵਾਰ ਦੇ ਵਿਧਾਇਕ ਤੇ ਕੁਮਾਰ ਪਾਟਿਲ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਅਤੇ ਦੋਵਾਂ ਦੀ ਜਾਇਦਾਦ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਇਹ ਦੋਸ਼ ਲਾਇਆ ਕਿ ਸ਼ਿਕਾਇਤ ਦਰਜ ਕਰਵਾਉਣ ਸਮੇਂ ਤੋਂ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ ਤੇ ਲਗਾਤਾਰ ਤੰਗ ਕੀਤਾ ਜਾ ਰਿਹਾ ਹੈ। ਪਾਟਿਲ ਦੇ ਗੁੰਡੇ ਉਸ ਉੱਤੇ ਸ਼ਿਕਾਇਤ ਵਾਪਸ ਲੈਣ ਦਾ ਦਬਾਅ ਬਣਾ ਰਹੇ ਹਨ। ਇਸ ਕੇਸ ਵਿੱਚ ਵੱਧ ਦੇਰੀ ਦਾ ਹਵਾਲਾ ਦਿੰਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਸ਼ਿਕਾਇਤ 2012 ਵਿੱਚ ਦਰਜ ਕਰਵਾਈ ਗਈ ਸੀ, ਪਰ ਪੁਲਸ ਨੇ ਹਾਲੇ ਤਕ ਦੋਸ਼ ਪੱਤਰ ਦਾਖਲ ਨਹੀਂ ਕੀਤਾ। ਅੱਗੋਂ ਮਾਮਲੇ ਦੀ ਜਾਂਚ ਏ ਸੀ ਬੀ ਬੇਲਗਾਵੀ ਦੇ ਕੋਲ ਹੈ।

## ਜ਼ਮੀਨ ਖਿਸਕਣ ਅਤੇ ਹੜ੍ਹ ਕਾਰਨ 31 ਲੋਕਾਂ ਦੀ ਮੌਤ





ਬ੍ਰਾਸੀਲੀਆ, 30 ਮਈ (ਪੋਸਟ ਬਿਊਰੋ)- ਬਰਾਜ਼ੀਲ ਦੇ ਉਤਰ-ਪੂਰਬੀ ਰਾਜ ਪਰਨਮਬੁਕੋ ਵਿੱਚ ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਉਤੇ ਘੱਟੋ-ਘੱਟ 31 ਲੋਕਾਂ ਦੀ ਮੌਤ ਹੋ ਗਈ। ਇੱਕ ਹੋਰ ਉਤਰ-ਪੂਰਬੀ ਰਾਜ ਅਲਾਗੋਸ ਵਿੱਚ ਕੱਲ੍ਹ ਨਦੀ ਦੇ ਹੜ੍ਹ ਵਿੱਚ ਲਹਿ ਜਾਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ।

ਸਿਵਲ ਡਿਫੈਂਸ ਅਧਿਕਾਰੀਆਂ ਨੇ ਦੱਸਿਆ ਕਿ ਪਰਨਮਬੁਕੋ ਵਿੱਚ ਹੜ੍ਹ ਨੇ 5,000 ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡਣ ਨੂੰ ਮਜ਼ਬੂਰ ਕਰ ਦਿੱਤਾ ਹੈ। ਪਰਨਮਬੁਕੋ ਵਿੱਚ ਸਿਵਲ ਪ੍ਰੋਟੈਕਸ਼ਨ ਏਜੰਸੀ ਦੇ ਕਾਰਜਕਾਰੀ ਸੈਕਟਰੀ, ਲੈਫਟੀਨੈਂਟ ਕਰਨਲ ਲਿਓਨਾਰਡੋ ਰੌਡਰਿਗਜ਼ ਨੇ ਇੰਸਟਾਗ੍ਰਾਮ ਉੱਤੇ ਵੀਡੀਓ ਸਾਂਝੀ ਕਰ ਕੇ ਕਿਹਾ ਕਿ ਰਾਜ ਵਿੱਚ ਜ਼ਮੀਨ ਖਿਸਕਣ ਜਾਂ ਹੜ੍ਹਾਂ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਲੱਗਭਗ 32,000 ਪਰਵਾਰ ਹਨ। ਰੇਸੀਫ਼ ਸ਼ਹਿਰ ਵਿੱਚ ਲੋਕਾਂ ਨੂੰ ਪਨਾਹ ਦੇਣ ਲਈ ਸਕੂਲ ਖੋਲ੍ਹੇ ਗਏ ਹਨ। ਰਾਜ ਸਰਕਾਰ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਅਲਾਗੋਸ ਵਿੱਚ ਭਾਰੀ ਮੀਂਹ ਕਾਰਨ 33 ਨਗਰ ਪਾਲਿਕਾਵਾਂ ਨੇ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ।ਰਾਸ਼ਟਰਪਤੀ ਜੈਅਰ ਬੋਲ-ਸੋਨਾਰੋ ਨੇ ਟਵੀਟ ਕੀਤਾ ਕਿ ਖੇਤਰੀ ਵਿਕਾਸ ਮੰਤਰਾਲੇ ਅਤੇ ਹਥਿਆਰਬੰਦ ਬਲਾਂ ਦੀ ਇੱਕ ਟੀਮ ਰਾਹਤ ਤੇ ਮਾਨਵਤਾਵਾਦੀ ਸਹਾਇਤਾ ਲਈ ਭੇਜੀ ਜਾਵੇਗੀ। ਪਰਨੰਬੁਕੋ ਵਾਟਰ ਐਂਡ ਕਲਾਈਮੇਟ ਏਜੰਸੀ ਮੁਤਾਬਕ ਕੱਲ੍ਹ ਰਿਸੀਫ਼ੀ ਵਿੱਚ 150 ਮਿਲੀਮੀਟਰ ਅਤੇ ਕਾਮਰਾਜੀਬੀ ਵਿੱਚ 129 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ।

## ਆਧਾਰ ਕਾਰਡ ਫ਼ੋਟੋਕਾਪੀ ਬਾਰੇ ਕੀਤੀ ਗਈ ਐਡਵਾਈਜ਼ਰੀ ਸਰਕਾਰ ਨੇ ਵਾਪਸ ਲੈ ਲਈ

ਨਵੀਂ ਦਿੱਲੀ, 30 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂ ਆਈ ਡੀ ਏ ਆਈ) ਦੀ ਉਹ ਐਡਵਾਇਜ਼ਰੀ ਵਾਪਸ ਲੈ ਲਈ ਹੈ, ਜਿਸ ਵਿੱਚ ਆਮ ਜਨਤਾ ਨੂੰ ਕਿਸੇ ਸੰਗਠਨ ਨਾਲ ਆਪਣੇ 'ਆਧਾਰ' ਦੀ ਫ਼ੋਟੋਕਾਪੀ ਸਾਂਝਾ ਕਰਨ ਨੂੰ ਲੈ ਕੇ ਚੌਕਸ ਕੀਤਾ ਗਿਆ ਸੀ। ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਹ ਆਧਾਰ ਦੀ ਫ਼ੋਟੋਕਾਪੀ ਸਾਂਝਾ ਨਾ ਕਰਨ ਦੀ ਐਡਵਾਈਜ਼ਰੀ ਨੂੰ ਵਾਪਸ ਲੈ ਰਿਹਾ ਹੈ, ਕਿਉਂਕਿ ਇਸ ਦੀ ਗ਼ਲਤ ਵਿਆਖਿਆ ਹੋ ਸਕਦੀ ਹੈ। ਮੰਤਰਾਲੇ ਨੇ ਕਿਹਾ ਕਿ ਪ੍ਰੈਸ ਰਿਲੀਜ ਵਿੱਚ ਲੋਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਕਿਸੇ ਸੰਗਠਨ ਨਾਲ ਆਧਾਰ ਦੀ ਫ਼ੋਟੋਕਾਪੀ ਸਾਂਝੀ ਨਾ ਕਰਨ, ਕਿਉਂਕਿ ਇਸ ਦੀ ਦੁਰਵਰਤੋਂ ਹੋ ਸਕਦੀ ਹੈ। ਇਸ ਦੀ ਥਾਂ ਆਧਾਰ ਗਿਣਤੀ ਦੇ ਸਿਰਫ਼ ਆਖ਼ਰੀ ਚਾਰ ਅੰਕਾਂ ਨੂੰ ਦਰਸਾਉਣ ਵਾਲੇ ਆਧਾਰ (ਮਾਸਕਡ ਆਧਾਰ) ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

## ਨਦੀ ਵਿੱਚ ਦੋ ਮੋਟਰ ਬੋਟਸ ਦੀ ਟੱਕਰ: ਦੋ ਮੌਤਾਂ, ਤਿੰਨ ਲਾਪਤਾ

ਸਵਾਨਾ, 30 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਜਾਰਜੀਆ ਦੇ ਤਟੀ ਇਲਾਕੇ ਵਿੱਚ ਲੰਮੀ ਛੁੱਟੀ ਵਾਲੇ ਹਫ਼ਤੇ ਦੇ ਅੰਤ ਦੀ ਸ਼ੁਰੂਆਤ ਵਿੱਚ ਕੱਲ੍ਹ ਦੋ ਮੋਟਰ ਬੋਟਸ ਦੀ ਟੱਕਰ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਲਾਪਤਾ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਘੱਟ ਤੋਂ ਘੱਟ ਚਾਰ ਹੋਰ ਯਾਤਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਇੱਕ ਹੋਰ ਵਿਅਕਤੀ ਨੂੰ ਇਲਾਜ ਲਈ ਯੂ ਐਸ ਕੋਸਟਾਗਾਰਡ ਹੈਲੀਕਾਪਟਰ ਰਾਹੀਂ ਏਅਰਲਿਫਟ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਉਸ ਵਿਅਕਤੀ ਦੀ ਹਾਲਤ ਦੀ ਤੁਰੰਤ ਜਾਣਕਾਰੀ ਨਹੀਂ ਮਿਲ ਸਕੀ।

ਅਧਿਕਾਰੀਆਂ ਨੇ ਦੱਸਿਆ ਕਿ ਵਿਲਮਿੰਗਟਨ ਨਦੀ ਉੱਤੇ ਸਵੇਰੇ ਲੱਗਭਗ ਸਾਢੇ 10 ਵਜੇ ਕਿਸ਼ਤੀਆਂ ਦੀ ਟੱਕਰ ਹੋਈ। ਇੱਕ ਕਿਸ਼ਤੀ ਵਿੱਚ ਛੇ ਲੋਕ ਸਨ ਅਤੇ ਦੂਜੀ ਵਿੱਚ ਤਿੰਨ ਲੋਕ ਸਵਾਰ ਸਨ। ਟੱਕਰ ਦੀ ਜਾਣਕਾਰੀ ਜਾਰੀ ਕਰਨ ਵਾਲੇ ਚੈਥਮ ਐਮਰਜੈਂਸੀ ਸੇਵਾ ਦੇ ਬੁਲਾਰੇ ਨੇ ਕਿਹਾ ਕਿ ਲਾਪਤਾ ਲੋਕਾਂ ਦੀ ਤਲਾਸ਼ ਜਾਰੀ ਹੈ। ਚੈਥਮ ਕਾਉਂਟੀ ਪੁਲਸ ਵਿਭਾਗ ਦੇ ਅਧਿਕਾਰੀਆਂ ਨੇ ਜਾਂਚ ਅਤੇ ਲਾਪਤਾ ਲੋਕਾਂ ਦੀ ਤਲਾਸ਼ ਲਈ ਨਦੀ ਦੇ ਇੱਕ ਹਿੱਸੇ ਨੂੰ ਬੰਦ ਕਰ ਦਿੱਤਾ। ਇਸ ਵਿੱਚ ਸ਼ਾਮਲ ਲੋਕਾਂ ਦੇ ਨਾਂ ਤੁਰੰਤ ਜਨਤਕ ਨਹੀਂ ਕੀਤੇ ਗਏ।

## ਰੱਥ ਬਣਾਉਣ ਲਈ ਮੁਸਲਮਾਨ ਨੇ ਆਪਣਾ ਰੁੱਖ ਵੱਢ ਕੇ ਦੇ ਦਿੱਤਾ



ਭੁਵਨੇਸ਼ਵਰ, 30 ਮਈ (ਪੋਸਟ ਬਿਊਰੋ)- ਸ੍ਰੀ ਜਗਨਨਾਥਪੁਰੀ ਵਿੱਚ ਇੱਕ ਜੁਲਾਈ ਨੂੰ ਹੋਣ ਵਾਲੀ ਵਿਸ਼ਵ ਪ੍ਰਸਿੱਧ ਰੱਥ ਯਾਤਰਾ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਜਾਤੀ-ਧਰਮ ਤੋਂ ਉਪਰ ਉਠ ਕੇ ਭਗਵਾਨ ਜਗਨਨਾਥ ਪ੍ਰਤੀ ਲੋਕਾਂ ਦੀ ਅਟੁੱਟ ਸ਼ਰਧਾਦੀਆਂ ਵੀ ਮਿਸਾਲਾਂ ਦੇਖਣ ਨੂੰ ਮਿਲਦੀਆਂ ਹਨ।

ਭਗਵਾਨ ਦਾ ਰੱਥ ਬਣਾਉਣ ਲਈ ਲੱਕੜੀਆਂ ਇਕੱਠੀਆਂ ਕਰਨ ਵੇਲੇ ਉੜੀਸਾ ਦੇ ਖੁਰਦਾ ਜ਼ਿਲ੍ਹੇ ਦੇ ਖਜੂਰੀਪਾੜਾ ਦੇ ਵਾਸੀ ਸਹਿਜੂਦੀਨ ਖਾਨ ਨੇ ਰੱਥ ਲਈ ਇੱਕ ਰੁੱਖ ਦਾਨ ਕੀਤਾ ਹੈ। ਉਹ ਕਹਿੰਦੇ ਹਨ, ਸ੍ਰੀ ਜਗਨਨਾਥ ਜੀ ਸਾਡੇ ਦੇਸ਼ ਦੇ ਦੇਵਤਾ ਹਨ। ਹਵਾ-ਪਾਣੀ ਅਤੇ ਜੀਵਨ ਬਾਰੇ ਸਾਡੇ ਕੋਲ ਜੋ ਕੁਝ ਵੀ ਹੈ, ਉਹ ਸਭ ਜਗਨਨਾਥ ਦਾ ਹੈ। ਅਸੀਂ ਜਦ ਬਾਹਰ ਜਾਂਦੇ ਤਾਂ ਲੋਕ ਸਾਨੂੰ ਜਗਨਨਾਥ ਦੇ ਦੇਸ਼ ਦਾ ਨਾਗਰਿਕ ਕਹਿੰਦੇ ਹਨ। ਜਗਨਨਾਥ ਜੀ ਦੇ ਲਈ ਖ਼ੂਨ ਦੇਣ ਨੂੰ ਵੀ ਤਿਆਰ ਹਾਂ।ਸਹਿਜੂਦੀਨ ਦੀ ਇਹ ਭਾਵਨਾ ਅਤੇ ਉਕਤ ਧਰਮ ਦੇ ਨਾਂਅ ਉੱਤੇ ਲੜਨ ਵਾਲਿਆਂ ਦੀਆਂ ਅੱਖਾਂ ਖੋਲ੍ਹ ਸਕਦੀ ਹੈ।ਸਹਿਜੂਦੀਨ ਕਹਿੰਦੇ ਹਨ, ਭਗਵਾਨ ਜਗਨਨਾਥ ਦੀ ਨਜ਼ਰ ਵਿੱਚ ਸਾਰੇ ਭਗਤ ਬਰਾਬਰ ਹਨ। ਉਹ ਬਿਨਾਂ ਭੇਦਭਵ ਸਭ ਉੱਤੇ ਕ੍ਰਿਪਾ ਕਰਦੇ ਹਨ। ਅਸੀਂ ਸਾਰੇ ਪੂਜਾ ਕਰਦੇ ਹਾਂ। ਸਹਿਜੂਦੀਨ ਇਕੱਲੇ ਗੈਰ ਹਿੰਦੂ ਨਹੀਂ ਹਨ, ਜੋ ਅਜਿਹਾ ਕਹਿੰਦੇ ਜਾਂ ਸੋਚਦੇ ਹਨ। ਵੱਡੀ ਗਿਣਤੀ ਵਿੱਚ ਅਜਿਹੇ ਹੋਰ ਵੀ ਹਨ।

ਖੁਰਦ ਫਾਰੈਸਟ ਵਿਭਾਗ ਦੇ ਫਾਰੈਸਟ ਸੁਰੱਖਿਆਅਫਸਰ ਦੱਸਦੇ ਹਨ ਕਿ ਪੁਰੀ ਜਗਨਨਾਥ ਮੰਦਰ ਪ੍ਰਸ਼ਾਸਨ ਦੀ ਅਪੀਲ ਉੱਤੇ ਅਧਿਕਾਰੀਆਂ ਨੇ ਸਥਾਨਕ ਲੋਕਾਂ ਨਾਲ ਸੰਪਰਕ ਕਰ ਕੇ ਅਪੀਲ ਕੀਤੀ ਸੀ ਕਿ ਜਿਨ੍ਹਾਂ ਦੇ ਬਗੀਚੇ ਜਾਂ ਖੇਤਾਂ ਵਿੱਚ ਦਰੱਖਤ ਹਨ ਅਤੇ ਰੱਥ ਬਣਾਉਣ ਲਈ ਦਾਨ ਦੇਣਾ ਚਾਹੁੰਦੇ ਹਨ, ਦੇ ਸਕਦੇ ਹਨ। ਇਸ ਦੇ ਬਾਅਦ ਦਰਜਨਾਂ ਲੋਕ ਦਰੱਖਤ ਦਾਨ ਕਰਨ ਲਈ ਅੱਗੇ ਆਏ। ਇਨ੍ਹਾਂ ਵਿੱਚ ਸਹਿਜੂਦੀਨ ਵੀ ਇੱਕ ਹਨ। 100 ਤੋਂ ਵੱਧ ਕਾਰੀਗਰ ਵੈਦਿਕ ਮਾਨਤਾਵਾਂ ਅਤੇ ਪਰੰਪਰਾ ਦੀ ਪਾਲਣ ਕਰਦੇ ਹੋਏ ਵਿਧੀ-ਵਿਧਾਨ ਨਾਲ ਰੱਥ ਬਣਾਉਂਦੇ ਹਨ।

## ਸਾਧਾਰਨ ਗੁਲਦਸਤਾ ਸਮਝਿਆ ਸੀ, 14 ਕਰੋੜ ਦਾ ਖਜ਼ਾਨਾ ਨਿਕਲਿਆ



ਬੀਜਿੰਗ, 30 ਮਈ (ਪੋਸਟ ਬਿਊਰੋ)- ਗਹਿਰੇ ਨੀਲੇ ਰੰਗ ਦਾ 18ਵੀਂ ਸਦੀ ਦਾ ਇੱਕ ਚੀਨੀ ਫੁੱਲ-ਦਾਨ, ਜਿਸ ਨੂੰ ਸੋਨੇ ਤੇ ਚਾਂਦੀ ਨਾਲ ਸਜਾਇਆ ਗਿਆ ਸੀ, ਕਈ ਸਾਲ ਬ੍ਰਿਟੇਨ ਦੀ ਇੱਕ ਰਸੋਈ ਦੀ ਸ਼ੋਭਾ ਬਣਿਆ ਰਿਹਾ। ਜਦ ਇਤਿਹਾਸਕਾਰਾਂ ਨੂੰ ਪਤਾ ਲੱਗਾ ਕਿ ਇਹ ਫੁੱਲ-ਦਾਨ ਕਿਸੇ ਦੌਰ ਵਿੱਚ ਇੱਕ ਸਮਰਾਟ ਦੀ ਮਾਲਕੀ ਹੁੰਦਾ ਸੀ, ਇਹ ਨੀਲਾਮੀ ਵਿੱਚ ਕਰੀਬ 18 ਲੱਖ ਡਾਲਰ ਯਾਨੀ ਕਰੀਬ 14 ਕਰੋੜ ਰੁਪਏ ਵਿੱਚ ਵਿਕ ਗਿਆ।

ਇੱਕ ਮਾਹਰ ਦੇ ਦੱਸਣ ਮੁਤਾਬਕ ਇਸ ਫੁੱਲ-ਦਾਨ ਦਾ ਇਤਿਹਾਸ 19ਵੀਂ ਸ਼ਤਾਬਦੀ ਵਿੱਚ ਚੀਨੀ ਮਹੱਲਾਂ ਦੀ ਲੁੱਟ ਨਾਲ ਜੁੜਿਆ ਹੈ। ਫੁੱਲ-ਦਾਨ ਨੂੰ ਵਿਦੇਸ਼ੀ ਫੌਜੀਆਂ ਨੇ 19ਵੀਂ ਜਾਂ 20ਵੀਂ ਸਦੀ ਦੇ ਸ਼ੁਰੂ ਵਿੱਚ ਲੁੱਟਿਆ ਸੀ। ਇਸ ਫੁੱਲ-ਦਾਨ ਨੂੰ ਵੇਚਣ ਵਾਲੀ ਨੀਲਾਮੀ ਕੰਪਨੀ ਡ੍ਰੇਵੇਟਸ ਦਾ ਕਹਿਣਾ ਹੈ ਕਿ ਇਹ ਫੁੱਲ-ਦਾਨ ਕਾਫੀ ਵੱਡਾ ਹੈ। ਇਸ ਦੀ ਲੰਬਾਈ ਲਗਭਗ ਦੋ ਫੁੱਟ ਹੈ। ਇਸ ਉੱਤੇ ਇੱਕ ਚਿੰਨ੍ਹ ਬਣਿਆ ਹੈ, ਜੋ ਕਿੰਗ ਰਾਜਵੰਸ਼ ਦੇ ਛੇਵੇਂ ਸਮਰਾਟ ਕਿਆਨਲਾਂਗਸ ਨਾਲ ਜਾ ਜੁੜਦਾ ਹੈ। ਇਨ੍ਹਾਂ ਨੇ 1735 ਤੋਂ 1795 ਤਕ ਚੀਨ ਉੱਤੇ ਸ਼ਾਸਨ ਕੀਤਾ ਸੀ। ਫੁੱਲ-ਦਾਨ ਨੂੰ 'ਸੈਕ੍ਰੀਫੀਸ਼ੀਅਲ ਬਲਿਊ' ਨਾਂਅ ਦੇ ਰੰਗ ਨਾਲ ਪੇਂਟ ਕੀਤਾ ਗਿਆ ਹੈ। ਇਹ ਨਾਂਅ ਇਸ ਲਈ ਹੈ ਕਿ ਇਸੇ ਰੰਗ ਨਾਲ ਬੀਜਿੰਗ ਵਿੱਚ 'ਸਵਰਗ ਦੇ ਮੰਦਰ' ਦੇ ਕੁਝ ਹਿੱਸਿਆਂ ਨੂੰ ਰੰਗਿਆ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਇਸ ਫੁੱਲਦਾਨ ਨੂੰ ਸ਼ਾਇਦ ਕਿਸੇ ਮਹਿਲ ਵਿੱਚ ਰੱਖਿਆ ਹੋਵੇਗਾ, ਜਿੱਥੇ ਚੀਨੀ ਸਮਰਾਟ ਰਹਿੰਦੇ ਸਨ। 19ਵੀਂ ਅਤੇ 20ਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ਚੀਨ ਦੀ ਰਾਜਨੀਤਕ ਸਥਿਤੀ ਖਰਾਬ ਹੋ ਗਈ ਸੀ,ਕਿਉਂਕਿ ਚੀਨ, ਯੂਰਪ ਅਤੇ ਅਮਰੀਕਾ ਕੋਲੋਂ ਕਈ ਯੁੱਧ ਹਾਰ ਗਿਆ ਸੀ ਅਤੇ ਵਿਦੇਸ਼ੀ ਫੌਜੀਆਂ ਨੇ ਕਈ ਮਹੱਲਾਂ ਨੂੰ ਲੁੱਟਿਆ ਸੀ। ਪਿਛਲੇ ਕਈ ਸਾਲਾਂ ਤੋਂ ਇਹ ਫੁੱਲ-ਦਾਨ ਇੱਕ ਸਰਜਨ ਦੇ ਘਰ ਸੀ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਨੂੰ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਖਰੀਦਿਆ ਸੀ। ਫੁੱਲ-ਦਾਨ ਕਈ ਸਾਲਾਂ ਤਕ ਉਨ੍ਹਾਂ ਦੀ ਰਸੋਈ ਵਿੱਚ ਰੱਖਿਆ ਰਿਹਾ।

## ਜੱਜ ਦੀ ਪਤਨੀ ਨੇ ਭਰਾ ਦੇ ਘਰ ਜਾ ਕੇ ਫਾਹਾ ਲਿਆ

ਨਵੀਂ ਦਿੱਲੀ, 30 ਮਈ (ਪੋਸਟ ਬਿਊਰੋ)- ਦੱਖਣੀ ਦਿੱਲੀ ਵਿੱਚ ਸਥਾਨਕ ਅਦਾਲਤ ਦੇ ਇੱਕ ਜੱਜ ਦੀ ਪਤਨੀ ਆਪਣੇ ਭਰਾ ਦੀ ਰਿਹਾਇਸ਼ ਉੱਤੇ ਪੱਖੇ ਨਾਲ ਲਟਕਦੀ ਮਿਲੀ। ਪੁਲਸ ਮੁਤਾਬਕ ਦੱਖਣੀ ਦਿੱਲੀ ਦੇ ਰਾਜਪੁਰ ਖੁਰਦ ਐਕਸਟੈਂਸ਼ਨ ਵਿੱਚ ਇਸ ਫ਼ਲੈਟ ਤੋਂ ਤਿੰਨ ਖ਼ੁਦਕੁਸ਼ੀ ਨੋਟ ਵੀ ਬਰਾਮਦ ਕੀਤੇ ਗਏ ਹਨ। ਇਸ ਬਾਰੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਾਕੇਤ ਅਦਾਲਤ ਦੇ ਇੱਕ ਜੱਜ ਨੇ ਕੱਲ੍ਹ ਰਾਤ ਕਰੀਬ ਸਾਢੇ 10 ਵਜੇ ਪੁਲਸ ਨੂੰ ਸੂਚਨਾ ਦਿੱਤੀ ਕਿ ਉਸ ਦੀ ਪਤਨੀ ਸਵੇਰੇ ਕਰੀਬ ਸਾਢੇ 11 ਵਜੇ ਮਾਲਵੀਯ ਨਗਰ ਬਾਜ਼ਾਰ ਗਈ ਸੀ, ਪਰ ਵਾਪਸ ਨਹੀਂ ਆਈ। ਅਧਿਕਾਰੀ ਮੁਤਾਬਕ ਉਸ ਤੋਂ ਬਾਅਦ ਜੱਜ ਨੇ ਸਾਕੇਤ ਥਾਣੇ ਵਿੱਚ ਆਪਣੀ ਪਤਨੀ ਦੀ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ।ਪੁਲਸ ਨੇ ਜਦੋਂ ਸੀ ਸੀ ਟੀ ਵੀ ਫੁਟੇਜ ਵੇਖੀ ਤਾਂ ਪਤਾ ਲੱਗਾ ਕਿ 42 ਸਾਲਾ ਮਹਿਲਾ ਆਟੋ-ਰਿਕਸ਼ਾ ਵਿੱਚ ਸਵਾਰ ਹੋਈ ਸੀ। ਆਟੋ-ਰਿਕਸ਼ਾ ਡਰਾਈਵਰ ਨੇ ਪੁੱਛਗਿੱਛ ਵਿੱਚ ਪੁਲਸ ਨੂੰ ਦੱਸਿਆ ਕਿ ਉਸ ਨੇ ਜੱਜ ਦੀ ਪਤਨੀ ਨੂੰ ਰਾਜਪੁਰ ਖੁਰਦ ਇਲਾਕੇ ਵਿੱਚ ਪਹੁੰਚਾ ਦਿੱਤਾ ਸੀ। ਉਸ ਤੋਂ ਮਿਲੀ ਜਾਣਕਾਰੀ ਜੱਜ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਪੁਸ਼ਟੀ ਕੀਤੀ ਕਿ ਉਨ੍ਹਾਂ ਦਾ ਸਾਲਾ ਉਸ ਇਲਾਕੇ ਵਿੱਚ ਰਹਿੰਦਾ ਹੈ।ਪੁਲਸ ਡਿਪਟੀ ਕਮਿਸ਼ਨਰ ਮੁਤਾਬਕ ਜਦੋਂ ਜੱਜ, ਪੁਲਸ ਨਾਲ ਉਸ ਫ਼ਲੈਟ ਉੱਤੇ ਪਹੁੰਚੇ ਤਾਂ ਫ਼ਲੈਟ ਬਾਹਰੋਂ ਬੰਦ ਵੇਖਿਆ। ਫਿਰ ਲੋਹੇ ਦੀ ਗਰਿੱਲ ਤੋੜ ਕੇ ਪੁਲਸ ਫ਼ਲੈਟ ਅੰਦਰ ਦਾਖ਼ਲ ਹੋਈ ਤਾਂ ਮਹਿਲਾ ਨੂੰ ਇੱਕ ਦੁਪੱਟੇ ਨਾਲ ਪੱਖੇ ਨਾਲ ਲੱਗੇ ਫੰਦੇ ਨਾਲ ਲਟਕਦਾ ਵੇਖਿਆ। ਇਹ ਪਹਿਲੀ ਮੰਜ਼ਿਲ ਉੱਤੇ ਇੱਕ ਖਾਲੀ ਫ਼ਲੈਟ ਹੈ। ਉਸ ਮਹਿਲਾ ਦੇ ਭਰਾ ਦਾ ਪਰਵਾਰ ਦੂਜੀ ਮੰਜ਼ਿਲ ਉੱਤੇ ਰਹਿੰਦਾ ਹੈ। ਘਟਨਾ ਵਾਲੀ ਥਾਂ ਤੋਂ ਤਿੰਨ ਖ਼ੁਦਕੁਸ਼ੀ ਨੋਟ ਵੀ ਮਿਲੇ ਹਨ।

## ਏਅਰ ਟਰੈਫਿਕ ਕੰਟਰੋਲਰ ਨੂੰ ਹਮਲੇ ਤੋਂ ਬਚਾਉਣ ਲਈ ਐਲਗੋਰਿਦਮ ਵਿਕਸਤ



ਨਵੀਂ ਦਿੱਲੀ, 30 ਮਈ (ਪੋਸਟ ਬਿਊਰੋ)- ਇੰਡੀਅਨ ਇੰਸਟੀਚਿਊਟ ਸੰਸਥਾ (ਆਈ ਆਈ ਟੀ) ਮਦਾਰਸ ਦੇ ਖੋਜੀਆਂ ਨੇ ਹਮਲੇ ਦੌਰਾਨ ਹਾਈ ਆਵਾਜਾਈ ਕੰਟਰੋਲਰ ਅਤੇ ਬਿਜਲੀ ਵੰਡ ਵਰਗੇ ਮਹੱਤਵਪੂਰਨ ਨੈਟਵਰਕਾਂ ਵਿੱਚ ਵਿਘਨ ਨੂੰ ਘੱਟ ਕਰਨ ਲਈ ਇੱਕ 'ਅਲਗੋਰਿਦ-ਮ'-ਸੰਚਾਲਤ ਅਨੋਖੀ ਤਕਨੀਕ ਵਿਕਸਤ ਕੀਤੀ ਹੈ।

ਅਧਿਕਾਰੀਆਂ ਅਨੁਸਾਰ ਇੰਟਰਨੈਟ ਆਫ ਥਿੰਗਜ਼ (ਆਈ ਓ ਟੀ) ਵਾਲੀ ਤਕਨੀਕ ਨੂੰ ਵੱਡੇ ਰੂਪ ਵਿੱਚ ਸਮਾਜ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਇਸ ਸਥਿਤੀ ਵਿੱਚ ਇਸ ਪ੍ਰਕਾਸ਼ ਦਾ ਨੈਟਵਰਕ ਬਣਾਉਣਾ ਬਹੁਤ ਮਹੱਤਵਪੂਰਨ ਹੈ, ਜੋ ਇਸ ਤਰ੍ਹਾਂ ਦੇ ਹਮਲਿਆਂ ਦੇ ਸਮੇਂ ਉਪਯੋਗੀ ਸਾਬਤ ਹੋ ਸਕੇਗਾ। ਇਸ ਬਾਰੇ ਇੱਕ ਸਮੀਖਿਆ ਅੰਤਰਰਾਸ਼ਟਰੀ ਜਰਨਲ 'ਫਿਜ਼ਿਕਾ ਏ- ਸਟੈਟਿਸਟੀਕਲ ਮਕੈਨਿਕਸ ਐਂਡ ਇਟਸ ਐਪਲੀਕੇਸ਼ਨਜ਼' ਵਿੱਚ ਛਾਪੀ ਗਈ ਹੈ।

ਆਈ ਆਈ ਟੀ ਮਦਰਾਸ ਦੇ ਰਾਬਰਟ ਬੋਸ ਸੈਂਟਰ ਫਾਰ ਡਾਟਾ ਸਾਇੰਸ ਐਂਡ ਆਰਟੀਫੀਸ਼ੀਅਲ ਇੰਟੈਲੀਜੈਂਸ (ਆਰ ਬੀ ਸੀ ਡੀ ਐਸ ਏ ਆਈ) ਦੇ ਕੋਰ ਮੈਂਬਰ ਨੇ ਕਿਹਾ,"11 ਸਤੰਬਰ 2001 ਦੇ ਅੱਤਵਾਦੀ ਹਮਲੇ ਵਿੱਚ ਕੇਵਲ ਇੱਕ ਦਿਨ ਵਿੱਚ ਇੱਕ ਦੇਸ਼ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਦੇ ਨਤੀਜੇ ਵਜੋਂ ਸੰਪੂਰਨ ਏਅਰਲਾਈਨ ਉਦਯੋਗ ਠੱਪ ਹੋ ਗਿਆ ਸੀ। ਇਸ ਤਰ੍ਹਾਂ ਦੇ ਖ਼ਤਰੇ ਦੱਸਦੇ ਹਨ ਕਿ ਅੱਜ ਦੀ ਬਹੁਤ ਆਪਸ ਵਿੱਚ ਜੁੜੀ ਦੁਨੀਆ ਵਿੱਚ ਉਚ ਖਤਰੇ ਮੌਜੂਦ ਹਨ, ਜਿੱਥੇ ਇੱਕ ਗਲਤ ਘਟਨਾ ਪੂਰਾ ਨੈਟਵਰਕ ਵਿਗਾੜ ਸਕਦੀ ਹੈ।"ਉਨ੍ਹਾ ਨੇ ਕਿਹਾ,"ਹਵਾਈ ਆਵਾਜਾਈ, ਬਿਜਲੀ ਵੰਡ ਬੁਨਿਆਦੀ ਢਾਂਚਾ ਅਤੇ ਇੱਥੋਂ ਤਕ ਕਿ ਸੋਸ਼ਲ ਮੀਡੀਆ ਮੰਚ ਸਾਰੇ ਜ਼ਿਆਦਾ ਜੁੜੇ ਨੈਟਵਰਕ ਦੇ ਉਦਾਹਰਣ ਹਨ ਅਤੇ ਇਸ ਲਈ ਇਹ ਨਿਸ਼ਾਨਾ ਹਮਲਿਆਂ ਪੱਖੋਂ ਬਹੁਤ ਜ਼ਿਆਦਾ ਕਮਜ਼ੋਰ ਹਨ।"

## ਭਾਰਤ ਦਰਾਵਿੜਾਂ ਅਤੇ ਆਦਿਵਾਸੀਆਂ ਦਾ ਹੈ, ਠਾਕਰੇ ਜਾਂ ਮੋਦੀ ਦਾ ਨਹੀਂ: ਓਵੈਸੀ



ਠਾਣੇ, 30 ਮਈ (ਪੋਸਟ ਬਿਊਰੋ)- ਆਲ ਇੰਡੀਆ ਮਜਲਿਸ-ਏ ਇਤਿਹਾਦੁਲ ਮੁਸਲਿਮੀਨ (ਏ ਆਈ ਐਮ ਆਈ ਐਮ) ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਕਿਹਾ ਹੈ ਕਿ"ਭਾਰਤ ਦਰਵਿੜਾਂ ਅਤੇ ਆਦਿਵਾਸੀਆਂ ਦਾ ਹੈ" ਨਾ ਕਿ ਉਨ੍ਹਾਂ ਦਾ ਜਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਦਾ, ਨਾ ਐਨ ਸੀ ਪੀ ਪ੍ਰਧਾਨ ਸ਼ਰਦ ਪਵਾਰ ਦਾ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾਏ ਆਈ ਐਮ ਆਈ ਐਮ ਪ੍ਰਧਾਨ ਨੇ ਕੱਲ੍ਹ ਸ਼ਾਮ ਇੱਥੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਇਹ ਜਾਣਨਾ ਚਾ-ਹਿਆ ਕਿ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਪ੍ਰਮੁੱਖ ਸ਼ਰਦ ਪਵਾਰ ਨੇ ਸ਼ਿਵਸੈਨਾ ਐਮ ਪੀ ਸੰਜੇ ਰਾਉਤ ਲਈ ਕਿਉਂ ਪ੍ਰਧਾਨ ਮੰਤਰੀ ਮੋਦੀ ਤੋਂ ਗੁਹਾਰ ਲਾਈ ਅਤੇ ਰਾਜ ਵਿੱਚ ਐਨ ਸੀ ਪੀ ਦੇ ਮੰਤਰੀ ਨਵਾਬ ਮਲਿਕ ਲਈ ਕਿਉਂ ਪੈਰਵੀ ਨਾ ਕੀਤੀ, ਜਿਨ੍ਹਾਂ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਈ ਡੀ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਭਾਜਪਾ, ਸ਼ਿਵਸੈਨਾ, ਐਨ ਸੀ ਪੀ ਅਤੇ ਕਾਂਗਰਸ ਉੱਤੇ ਤਿੱਖਾ ਹਮਲਾ ਕਰਦੇ ਹੋਏ ਓਵੈਸੀ ਨੇ ਦਾਅਵਾ ਕੀਤਾ ਕਿ ਇਹ ਪਾਰਟੀਆਂ ਆਪਣਾ ਵੋਟ ਬੈਂਕ ਬਚਾਉਣਾ ਚਾਹੁੰਦੀਆਂ ਹਨ, ਇਸ ਲਈ ਜਦ ਘੱਟ ਗਿਣਤੀ ਭਾਈਚਾਰੇ ਦੇ ਮੈਂਬਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਇਹ ਮਹਿੰਗਾਈ ਤੇ ਹੋਰ ਮੁੱਦਿਆਂ ਦਾ ਹਵਾਲਾ ਦਿੰਦੇ ਹੋਏ ਨੁਕਤਾ ਹੋਰ ਪਾਸੇ ਲੈ ਜਾਂਦੇ ਹਨ। ਉਨ੍ਹਾ ਕਿਹਾ ਕਿ ਭਾਜਪਾ ਤੇ ਪ੍ਰਧਾਨ ਮੰਤਰੀ ਦੇਸ਼ ਉੱਤੇ ਆਪਣੇ ਸਫ਼ਰ ਸ਼ਾਸਨ ਦਾ ਜਸ਼ਨ ਮਨਾ ਰਹੇ ਹਨ, ਪਰ ਉਨ੍ਹਾਂ ਨੂੰ ਅਹਿਸਾਸ ਨਹੀਂ ਕਿ ਦੇਸ਼ ਕਿਸ ਮੁਸ਼ਕਲ ਦੌਰ ਤੋਂ ਲੰਘ ਰਿਹਾ ਹੈ। ਓਵੈਸੀ ਨੇ ਕਿਹਾ,"ਭਾਰਤ ਕਿਸੇ ਦਾ ਹੈ ਤਾਂ ਉਹ ਦਰਾਵਿੜਾਂ ਅਤੇ ਆਦਿਵਾਸੀਆਂ ਦਾ ਹੈ, ਇਹ ਠਾਕਰੇ, ਪਵਾਰ, ਓਵੈਸੀ, ਮੋਦੀ ਜਾਂ ਸ਼ਾਹ ਦਾ ਨਹੀਂ"।

ਓਵੈਸੀ ਨੇ ਦਾਅਵਾ ਕੀਤਾ ਕਿ ਜੇ ਕੋਈ ਮੁੱਖ ਮੰਤਰੀ ਠਾਕਰੇ, ਪਵਾਰ, ਮੋਦੀ ਜਾਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਆਲੋਚਨਾ ਕਰਦਾ ਹੈ ਤਾਂ ਉਹ (ਸਬੰਧਤ ਪਾਰਟੀਆਂ) ਤੁਰੰਤ ਪ੍ਰਤੀਕਿਰਿਆ ਦਿੰਦੇ ਹਨ ਅਤੇ ਕਾਰਵਾਈ ਕਰਦੇ ਹਨ,"ਪਰ ਜਦੋਂ ਸਾਡੀ ਆਲੋਚਨਾ ਹੁੰਦੀ ਜਾਂ ਸਾਡੇ ਵਿਰੁੱਧ ਟਿੱਪਣੀ ਹੁੰਦੀ ਹੈ ਤਾਂ ਕੋਈ ਪ੍ਰਤੀਕਿਰਿਆ ਨਹੀਂ ਦਿੰਦਾ।"ਓਵੈਸੀ ਨੇ ਕਿਹਾ ਕਿ ਕਿਸੇ ਨੂੰ ਵੀ ਉਨ੍ਹਾਂ ਨੂੰ ਚੁਣੌਤੀ ਨਹੀਂ ਦੇਣੀ ਚਾਹੀਦੀ ਜਾਂ ਭੜਕਾਉਣਾ ਨਹੀਂ ਚਾਹੀਦਾ, ਨਹੀਂ ਤਾਂ ਉਹ ਉਨ੍ਹਾਂ ਨੂੰ 'ਸ਼ੀਸ਼ਾ ਦਿਖਾਉਣਗੇ।' ਉਨ੍ਹਾਂ ਦਾਅਵਾ ਕੀਤਾ ਕਿ ਮੁਸਲਮਾਨਾਂ ਨੂੰ ਮਸਜਿਦ ਦੇ ਨਾਲ-ਨਾਲ ਹਿਜਾਬ ਪਹਿਨਣ ਅਤੇ ਹਲਾਲ ਮੀਟ ਵਰਗੇ ਮੁੱਦਿਆਂ ਨੂੰ ਲੈ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਅੱਤਿਆਚਾਰਾਂ ਦੀ ਜਾਂਚ ਬਗੈਰ ਹੀ ਬਾਚੇਲੇਟ ਦਾ ਚੀਨ ਦੌਰਾ ਖਤਮ

ਗਵਾਂਗਝੋਊ, 30 ਮਈ (ਪੋਸਟ ਬਿਊਰੋ)- ਯੂ ਐੱਨ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਮਿਸ਼ੇਲ ਬਾਚੇਲੇਟ ਨੇ ਵੱਡੇ ਪੱਧਰ ਉੱਤੇ ਆਲੋਚਨਾਵਾਂ ਦੌਰਾਨ ਬੀਤੇ ਦਿਨੀਂ ਆਪਣੀ ਛੇ ਦਿਨਾਂ ਚੀਨ ਯਾਤਰਾ ਖਤਮ ਕਰ ਦਿੱਤੀ।

ਇਸ ਬਾਰੇ ਬਾਚੇਲੇਟ ਨੇ ਕਿਹਾ ਕਿ ਉਨ੍ਹਾਂ ਦੀ ਇਹ ਯਾਤਰਾ ਕੋਈ ਜਾਂਚ ਨਹੀਂ ਸੀ, ਪਰ ਉਨ੍ਹਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੇ ਚੀਨੀ ਅਧਿਕਾਰੀਆਂ ਨਾਲ ਆਪਣੀਆਂ ਬੈਠਕਾਂ ਮੌਕੇ ਸਪੱਸ਼ਟ ਗੱਲ ਕੀਤੀ ਸੀ। ਦੂਸਰੇ ਪਾਸੇ ਵਿਸ਼ਵ ਉਈਗਰ ਕਾਂਗਰਸ ਪ੍ਰਧਾਨ ਡੋਲਕੁਨ ਈਸਾ ਨੇ ਆਪਣੀ ਪ੍ਰਤੀਕਿਰਿਆ ਵਿੱਚ ਕਿਹਾ ਕਿ ਇਹ ਨਿੰਦਾਯੋਗ ਹੈ ਕਿ ਯੂ ਐੱਨ ਮਨੁੱਖੀ ਅਧਿਕਾਰ ਹਾਈ ਕਮਿਸ਼ਨ ਚੀਨ ਦੇ ਪੂਰਬੀ ਤੁਰਕਿਸਤਾਨ ਵਿੱਚ ਕਤਲੇਆਮ ਕਰਨ ਲਈ ਸਰਕਾਰ ਦੀ ਨਿੰਦਾ ਕੀਤੇ ਬਗੈਰ ਮੁੜ ਗਈ ਅਤੇ ਕੋਈ ਵੀ ਸੰਦੇਸ਼ ਦੇਣ ਵਿੱਚ ਨਾਕਾਮ ਰਹੀ ਹੈ। ਯੂ ਐੱਨ ਮਨੁੱਖੀ ਅਧਿਕਾਰ ਦੀ ਮੁਖੀ ਨੇ ਸਵੀਕਾਰ ਕੀਤਾ ਕਿ ਸ਼ਿਨਜ਼ਿਆਂਗ ਸੂਬੇ ਵਿੱਚ ਉਨ੍ਹਾਂ ਨੇ ਜਿਸ ਜੇਲ੍ਹ ਦਾ ਦੌਰਾ ਕੀਤਾ, ਉਥੇ ਸਿਆਸੀ ਅਪਰਾਧਾਂ ਵਿੱਚ ਦੋਸ਼ੀ ਉਈਗਰਾਂ ਨੂੰ ਨਹੀਂ ਰੱਖਿਆ ਗਿਆ ਸੀ। ਦੂਜੇ ਪਾਸੇ ਉਈਗਰ ਨੇਤਾ ਈਸਾ ਨੇ ਕਿਹਾ ਕਿ ਯੂ ਐੱਨ ਮਨੁੱਖੀ ਅਧਿਕਾਰ ਮੁਖੀ ਨੇ ਚੀਨ ਵਿੱਚ ਉਈਗਰ ਭਾਈਚਾਰੇ ਦੇ ਕਤਲੇਆਮ ਦੀ ਜਾਂਚ ਦਾ ਇਤਿਹਾਸਕ ਮੌਕਾ ਗੁਆ ਦਿੱਤਾ। ਇਸ ਤੋਂ ਪਹਿਲਾਂ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਯੂ ਐੱਨਮਨੁੱਖੀ ਅਧਿਕਾਰ ਮੁਖੀ ਦੀ ਚੀਨ ਯਾਤਰਾ ਵਿੱਚ ਕੋਈ ਜਾਂਚ ਨਹੀਂ ਹੋਵੇਗੀ, ਬਲਕਿ ਉਹ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਤੇ ਉਨ੍ਹਾਂ ਦੇ ਸਨਮਾਨ ਨੂੰ ਉਤਸ਼ਾਹਤ ਕਰਨ ਵਾਲੀ ਹੋਵੇਗੀ।

ਉਤਰ-ਪੱਛਮੀ ਚੀਨ ਦੇ ਸ਼ਿਨਜਿਆਂਗ ਖੇਤਰ ਵਿੱਚ ਕੰਮ ਕਰਨ ਵਾਲਾ ਉਈਗਰ ਐਥਲੈਟਿਕ ਟ੍ਰੇਨਰ ਬੇਹਥਿਆਰ ਅਬਦੁਵੇਲੀ ਪੰਜ ਸਾਲ ਤੋਂ ਚੀਨੀ ਅਫਸਰਾਂ ਦੀ ਹਿਰਾ-ਸਤ ਵਿੱਚ ਹੈ ਤੇ ਰੇਡੀਓ ਫ੍ਰੀ ਏਸ਼ੀਆ ਨੇ ਇੱਕ ਟਰੇਨਰ ਯਾਸਿੰਜਾਨ ਦੇ ਹਵਾਲੇ ਨਾਲ ਕਿਹਾ ਕਿ ਉਹ ਰਾਸ਼ਟਰੀ ਪੱਧਰ ਦੇ ਰੈਫਰੀ ਸਨ। ਸਕੂਲ ਅਤੇ ਉਈਗਰ ਸਮਾਜ ਦੋਵਾਂ ਵਿੱਚ ਉਨ੍ਹਾਂ ਦਾ ਬਹੁਤ ਸਨਮਾਨ ਹੈ। ਅਬਦੁਵੇਲੀ ਇਲੀ ਪੇਡਾਗੋਗਿਕਲ ਯੂਨੀਵਰਸਿਟੀ ਦੇ ਵੀਹ ਟਰੇਨਰਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੂੰ ਚੀਨੀ ਫੌਜ ਨੇ ਹਿਰਾਸਤ ਵਿੱਚ ਲਿਆ ਹੈ। ਹੋਰ ਟ੍ਰੇਨਰਾਂ ਦੇ ਨਾਂਅ ਅਜੇ ਤਕ ਜਨਤਕ ਨਹੀਂ ਕੀਤੇ ਗਏ ਹਨ।



# ਕਾਮਾਗਾਟਾ ਮਾਰੂ ਘਟਨਾ ਬਦਲੇ ਦੋ ਕੈਨੇਡੀਅਨ ਪ੍ਰਧਾਨ ਮੰਤਰੀਆਂ ਤੋਂ ਮੁਆਫ਼ੀ ਮੰਗਵਾਉਣ ਵਾਲੇ ਸਾਹਿਬ ਸਿੰਘ ਥਿੰਦ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਸਨਮਾਨ

ਲੁਧਿਆਣਾ, 30 ਮਈ (ਗਿਆਨ ਸਿੰਘ)- ਸਦੀ ਪਹਿਲਾਂ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਦੀ ਬੰਦਰਗਾਹ ਤੋਂ ਮੋੜਨ ਬਦਲੇ ਦੋ ਕੈਨੇਡੀਅਨ ਪ੍ਰਧਾਨ ਮੰਤਰੀਆਂ ਤੋਂ ਮੁਆਫ਼ੀ ਮੰਗਵਾਉਣ ਵਾਲੀ ਸੰਸਥਾ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੀ ਸਰੀ (ਕੈਨੇਡਾ) ਇਕਾਈ ਦੇ ਪ੍ਰਧਾਨ ਸ: ਸਾਹਿਬ ਸਿੰਘ ਥਿੰਦ ਦਾ ਪੰਜਾਬੀ ਲੋਕ ਵਿਰਾ-ਸਤ ਅਕਾਡਮੀ ਲੁਧਿਆਣਾ ਵੱਲੋਂ ਬੀਤੀ ਸ਼ਾਮ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਨਮਾਨ ਕੀਤਾ ਗਿਆ।

ਸਾਹਿਬ ਥਿੰਦ ਇਸ ਵਕਤ ਪਾਕਿਸਤਾਨ ਤੇ ਭਾਰਤੀ ਪੰਜਾਬ ਦੀ ਫੇਰੀ ਤੇ ਆਏ ਹੋਏ ਹਨ। ਦੇਸ਼ ਭਗਤ ਵਿਰਾਸਤ ਤੇ ਜੰਗੇ ਆਜ਼ਾਦੀ ਨਾਲ ਸਬੰਧਿਤ ਮਸਲਿਆਂ ਦੇ ਸੁਚੇਤ ਪਹਿਰੇਦਾਰ ਸ:.ਸਾਹਿਬ ਸਿੰਘ ਥਿੰਦ ਪਾਕਿਸਤਾਨ ਸਰਕਾਰ ਨੂੰ ਵੀ ਜੰਗੇ ਆਜ਼ਾਦੀ ਲਈ ਅਨੇਕਾਂ ਮੀਟਿੰਗਜ਼ ਦੇ ਚਸ਼ਮਦੀਦ ਗਵਾਹ ਲਾਹੌਰ ਸਥਿਤ ਬਰੈਡਲਾ ਹਾਲ ਨੂੰ ਕੌਮੀ ਵਿਰਾਸਤ ਵਜੋਂ ਸੰਭਾਲਣ ਲਈ ਲੰਮੇ ਸਮੇਂ ਤੋਂ ਪ੍ਰੇਰਨਾ ਦੇ ਰਹੇ ਸਨ ਪਰ ਹੁਣ ਉਨ੍ਹਾਂ ਦੱਸਿਆ ਕਿ ਪਾਕਿ ਸਰਕਾਰ ਨੇ ਇਸ ਦੇਸ਼ ਭਗਤ ਸਰਗਰਮੀ ਕੇਂਦਰ ਦੀ ਸੰਭਾਲ ਲਈ ਨੌਂ ਕਰੋੜ ਰੁਪਏ ਜਾਰੀ ਕਰ ਦਿੱਤੇ ਹਨ। ਸਾਹਿਬ ਸਿੰਘ ਥਿੰਦ ਲਈ ਸੁਆਗਤੀ ਸ਼ਬਦ ਬੋਲਦਿਆਂ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ 1983 ਤੋਂ ਕੈਨੇਡਾ ਵੱਸਦੇ ਥਿੰਦ ਨੇ 1998 ਚ ਫਾਉਂਡੇਸ਼ਨ ਦਾ ਕਾਰਜ ਭਾਰ ਸ: ਜਗਦੇਵ ਸਿੰਘ ਜੱਸੋਵਾਲ ਦੀ ਹਲਾ ਸ਼ੇਰੀ ਨਾਲ ਸੰਭਾਲਿਆ ਅਤੇ ਇਸ ਸੰਸਥਾ ਵੱਲੋਂ ਮੇਲਾ ਗਦਰੀ ਬਾਬਿਆਂ ਦਾ ਉੱਘੇ ਪੰਜਾਬੀ ਨਾਵਲਕਾਰ ਗਿਆਨੀ ਕੇਸਰ ਸਿੰਘ ਤੇ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਦੀ ਪ੍ਰੇਰਨਾ ਨਾਲ ਆਰੰਭਿਆ ਜੋ ਹੁਣ ਠੀਕ ਨਿਰੰਤਰ ਚੱਲ ਰਿਹਾ ਹੈ।

ਕਾਮਾਗਾਟਾ ਮਾਰੂ ਘਟਨਾ ਬਦਲੇ ਕੈਨੇਡੀਅਨ ਸਰਕਾਰ ਪਾਸੋਂ ਮੁਆਫ਼ੀ ਮੰਗਵਾਉਣ ਵਾਲੀ ਲਹਿਰ ਦੇ ਇਸ ਆਗੂ ਨੇ ਦੋ ਪ੍ਰਧਾਨ ਮੰਤਰੀਆਂ ਸਟੀਫਨ ਹਾਰਪਰ ਤੇ ਜਸਟਿਨ ਟਰੂਡੋ ਪਾਸੇ ਦੋ ਵਾਰ ਲੋਕ ਕਚਹਿਰੀ ਵਿੱਚ ਮੁਆਫ਼ੀ ਮੰਗਵਾਈ ਅਤੇ ਜਸਟਿਨ ਟਰੂਡੋ ਤੋਂ ਇਸ ਘਟਨਾ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਮੁਆਫ਼ੀ ਮੰਗਵਾਈ। 2008 ਵਿੱਚ ਤਾਂ ਪ੍ਰੋ: ਮੋਹਨ ਸਿੰਘ ਫਾਉਂਡੇਸ਼ਨ ਦੇ ਭਾਰਤੀ ਪ੍ਰਧਾਨ ਸ: ਪਰਗਟ ਸਿੰਘ ਗਰੇਵਾਲ ਤੇ ਮੈਂ ਬਤੌਰ ਸਕੱਤਰ ਜਨਰਲ ਉਸ ਮੇਲੇ ਵਿੱਚ ਹਾਜ਼ਰ ਸਾਂ ਜਦ ਸਟੀਫਨ ਹਾਰਪਰ ਨੇ ਮੰਚ ਤੋਂ ਬੋਲਦਿਆਂ ਮੁਆਫ਼ੀ ਮੰਗੀ ਪਰ ਧੰਨਵਾਦੀ ਸ਼ਬਦ ਬੋਲਦਿਆਂ ਸਾਹਿਬ ਥਿੰਦ ਨੇ ਕਿਹਾ ਕਿ ਇਸ ਢੰਗ ਦੀ ਮੁਆਫ਼ੀ ਪਰਵਾਨ ਨਹੀਂ, ਜੇ ਮੰਗਣੀ ਹੈ ਤਾਂ



ਪਾਰਲੀਮੈਂਟ ਵਿੱਚ ਉਥੇ ਹੀ ਮੰਗੋ ਜਿਥੇ ਕਾਲੇ ਕਾਨੂੰਨ ਘੜੇ ਸਨ। ਉਨ੍ਹਾਂ ਕਿਹਾ ਕਿ ਸਾਹਿਬ ਸਿੰਘ ਥਿੰਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਬਾਰ ਬਾਰ ਚਿੱਠੀ ਪੱਤਰ ਲਿਖਣ ਉਪਰੰਤ ਮੁਲਾਕਾਤਾਂ ਕਰਕੇ 2020 ਵਿੱਚ ਉਹ ਹੁਕਮਨਾਮਾ ਵੀ ਵਾਪਸ ਲੈਣ ਲਈ ਰਜ਼ਾਮੰਦ ਕਰ ਲਿਆ, ਜਿਸ ਮੁਤਾਬਕ ਗਦਰ ਪਾਰਟੀ ਦੇ ਦੇਸ਼ ਭਗਤ ਸੂਰਮਿਆਂ ਖ਼ਿਲਾਫ਼ 1920 ਚ ਅਰੂੜ ਸਿੰਘ ਸਰਬਰਾਹ ਨੇ ਫਰੰਗੀ ਹਕੂਮਤ ਦੇ ਹਿਤ ਪੂਰਨ ਲਈ ਹੁਕਮਨਾਮਾ ਜਾਰੀ ਕਰਕੇ ਕਾਮਾ ਗਾਟਾ ਮਾਰੂ ਤੇ ਗਦਰ ਪਾਰਟੀ ਦੇ ਦੇਸ਼ ਭਗਤਾਂ ਨੂੰ ਅਸਿੱਖ ਕਰਾਰ ਦੇ ਦਿੱਤਾ ਸੀ।

ਵਰਤਮਾਨ ਸਮੇਂ ਵੀ ਸਾਹਿਬ ਸਿੰਘ ਥਿੰਦ ਵਲਾਇਤ ਦੀ ਅੰਗ੍ਰੇਜ਼ ਹਕੂਮਤ ਨੂੰ ਜੱਲ੍ਹਿਆਂ ਵਾਲਾ ਬਾਗ ਘਟਨਾ ਦੀ ਪਾਰਲੀਮੈਂਟ ਚ ਮੁਆਫ਼ੀ ਮੰਗਣ ਦੀ ਚਾਰਾਜੋਈ ਕਰ ਰਹੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਡਲਹੌਜ਼ੀ ਤੇ ਮੈਕਲੋਡਗੰਜ ਦਾ ਨਾਮ ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਸ: ਅਜੀਤ ਸਿੰਘ ਤੇ ਸੁਭਾਸ਼ ਚੰਦਰ ਬੋਸ ਦੇ ਨਾਮ ਤੇ ਰੱਖਣ ਲਈ ਉਥੋਂ ਦੀ ਸਿਆਸੀ ਲੀਡਰਸ਼ਿਪ ਨਾਲ ਸੰਪਰਕ ਕਰਕੇ ਪ੍ਰੇਰਤ ਕਰ ਰਹੇ ਹਨ। ਸਾਹਿਬ ਸਿੰਘ ਥਿੰਦ ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਦੋਸ਼ਾਲਾ ਤੇ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ: ਮੁਖਤਿਆਰ ਸਿੰਘ ਧੰਜੂ ਤੇ ਸਰਦਾਰਨੀ ਜਸਵਿੰ-ਦਰ ਕੌਰ ਗਿੱਲ ਵੀ ਹਾਜ਼ਰ ਸਨ।

ਸਾਹਿਬ ਸਿੰਘ ਥਿੰਦ ਨੇ ਕਿਹਾ ਕਿ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਬੈਨਰ ਹੇਠ ਅਸੀਂ ਜੰਗੇ ਆਜ਼ਾਦੀ ਦੇ ਸੂਰਮਿਆਂ ਦੇ ਸੁਨੇਹੇ ਘਰ ਘਰ ਦੇਸ਼ ਬਦੇਸ਼ ਚ ਵੰਡ ਰਹੇ ਹਾਂ। ਉਨ੍ਹਾਂ ਕਿਹਾ ਕਿ 2012 ਚ ਪੰਜਾਬ ਅਸੈਂਬਲੀ ਨੇ ਵੀ ਕਾਮਾਗਾਟਾ ਮਾਰੂ ਜਹਾਜ਼ ਮੋੜਨ ਵਾਲੀ ਹਕੂਕਮਤ ਖ਼ਿਲਾਫ਼ ਮਤਾ ਪਾਸ ਕਰਕੇ ਸਾਡੀ ਲਹਿਰ ਨੂੰ ਬਲ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਸ ਵਕਤ ਵੀ ਪ੍ਰੋ: ਗੁਰਭਜਨ ਸਿੰਘ ਗਿੱਲ, ਵਰਤਮਾਨ ਸਮੇਂ ਪੰਜਾਬ ਦੇ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਤੇ ਡਾ: ਜਸਬੀਰ ਕੌਰ ਗਿੱਲ ਪੋਤਰੀ ਸ਼ਹੀਦ ਬੰਤਾ ਸਿੰਘ ਸੰਘਵਾਲ(ਜਲੰਧਰ) ਨੇ ਸਾਡਾ ਸਾਥ ਦੇ ਕੇ ਸ: ਪਰਕਾਸ਼ ਸਿੰਘ ਬਾਦਲ ,ਬੀਬੀ ਰਾਜਿੰਦਰ ਕੌਰ ਭੱਠਲ ਤੇ ਸਪੀਕਰ ਸ: ਚਰਨਜੀਤ ਸਿੰਘ ਅਟਵਾਲਰਾਹੀਂ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਮੈਨੂੰ ਹਰ ਵਾਰ ਇਥੋਂ ਨਵੀਂ ਊਰਜਾ ਮਿਲਦੀ ਹੈ ਜਿਸ ਨਾਲ ਅਸੀਂ ਹੋਰ ਸ਼ਕਤੀ ਨਾਲ ਨਵੇਂ ਮਸਲੇ ਉਭਾਰਨ ਤੇ ਹੱਲ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਾਂ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 9178375961 19
647-760-2769









ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)






ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਇਮਰਾਨ ਖਾਨ ਨੇ ਬੇਭਰੋਸਗੀ ਮਤੇ ਤੋਂ ਪਹਿਲਾਂ ਸੁਲ੍ਹਾ ਲਈ ਜ਼ਰਦਾਰੀ ਤਕ ਪਹੁੰਚ ਕੀਤੀ ਸੀ

ਲਾਹੌਰ, 30 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਅਤੇ ਰੀਅਲ ਅਸਟੇਟ ਕਾਰੋਬਾਰੀ ਮਲਿਕ ਰਿਆਜ਼ ਹੁਸੈਨ ਵਿਚਾਲੇ ਹੋਈ ਟੈਲੀਫ਼ੋਨ ਗੱਲਬਾਤ ਦੀ ਲੀਕ ਹੋਈ ਆਡੀਓ ਰਿਕਾਰਡਿੰਗ ਸਾਹਮਣੇ ਆਈ ਹੈ। ਇਸ ਵਿੱਚ ਰਿਆਜ਼ ਹੁਸੈਨ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਜ਼ਰਦਾਰੀ ਨਾਲ ਸੁਲ੍ਹਾ-ਸਫ਼ਾਈ ਦੀ ਗੱਲਬਾਤ ਕਰਨਾ ਚਾਹੁੰਦੇ ਸਨ।



ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ 32 ਸੈਕਿੰਡ ਦੀ ਇਸ ਆਡੀਓ ਰਿਕਾਰਡਿੰਗ ਵਿੱਚ ਆਵਾਜ਼ ਜ਼ਰਦਾਰੀ ਤੇ ਰਿਆਜ਼ ਦੀ ਦੱਸੀ ਗਈ ਹੈ। ਇਸ ਫ਼ੋਨ ਗੱਲਬਾਤ ਵਿੱਚ ਰਿਆਜ਼ ਵੱਲੋਂ ਜ਼ਰਦਾਰੀ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਇਮ-ਰਾਨ ਖ਼ਾਨ ਨੇ ਕੱਲ੍ਹ ਉਸ ਨੂੰ ਕਈ ਸੁਨੇਹੇ ਭੇਜੇ। ਜਵਾਬ ਵਿੱਚ ਜ਼ਰਦਾਰੀ ਕਹਿੰਦੇ ਹਨ ਕਿ ਅੱਜ ਇਹ ਅਸੰਭਵ ਹੋ ਗਿਆ ਹੈ। ਇਸ ਉੱਤੇ ਰਿਆਜ਼ ਨੇ ਕਿਹਾ ਕਿ ਸਭ ਕੁਝ ਠੀਕ ਹੈ, ਮੈਂ ਸਿਰਫ਼ ਤੁਹਾਨੂੰ ਦੱਸਣਾ ਚਾਹੁੰਦਾ ਸੀ। ਇਸ ਆਡੀਓ ਰਿਕਾਰਡਿੰਗ ਦੀ ਮਿਤੀ ਦਾ ਪਤਾ ਨਹੀਂ ਲੱਗ ਸਕਿਆ। ਇਸ ਦੇ ਸਾਹਮਣੇ ਆਉਣ ਪਿੱਛੋਂ ਇਮਰਾਨ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਪਾਰਟੀ ਨੇ ਇਸ ਆਡੀਓ ਨੂੰ ਫ਼ਰਜ਼ੀ ਦੱਸਿਆ ਅਤੇ ਜ਼ਰਦਾਰੀ ਦੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਮੈਂਬਰਾਂ ਦਾ ਕਹਿਣਾ ਹੈ ਕਿ ਰਿਕਾਰਡਿੰਗ ਸਹੀ ਜਾਪਦੀ ਹੈ।







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017